# ਮਿੱਟੀ ਦਾ ਮੋਹ

ਤਰਸੇਮ ਸਿੰਘ ਘੁੰਮਣ



# ਮਿੱਟੀ ਦਾ ਮੋਹ

**Tarsem Ghuman**
**Book No.30/2017**

# ਮਿੱਟੀ ਦਾ ਮੋਹ

ਤਰਸੇਮ ਸਿੰਘ ਘੁੰਮਣ

ISBN :

**Miti da Moah**
**Tarsem Singh Ghuman**

2016

Published, printed & bound
by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-4608699, 4608799,4027552

*© 2016*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


| | | |
|---|---|---|
| 1. | ਕਲਪਨਾ | 1 |
| 2. | ਰੱਬ ਦੀ ਤਲਾਸ਼ | 2 |
| 3. | ਕਰੇ ਕਰਾਏ ਆਪ | 3 |
| 4. | ਸਾਂਝੀਵਾਲਤਾ | 4 |
| 5. | ਰੱਬ ਕਿੱਥੇ ਵੱਸਦਾ | 5 |
| 6. | ਕੇਸ ਸਿੱਖੀ ਮੋਹਰ | 6 |
| 7. | ਜਿਨ੍ਹਾਂ ਰਾਹਾਂ ਦੀ ਸਾਰ ਨਾ ਜਾਣਾ | 7 |
| 8. | ਨਸ਼ੱਈ ਪੰਜਾਬ ਸਾਰਾ | 8 |
| 9. | ਸਾਨੂੰ ਮਾਣ ਪੰਜਾਬੀ ਹੋਣ ਦਾ | 9 |
| 10. | ਰਿਸ਼ਤੇ | 11 |
| 11. | ਕਚੀਆਂ ਕਲੀਆਂ | 12 |
| 12. | ਦੋਸਤਾਂ ਦਾ ਪਿਆਰ | 13 |
| 13. | ਦਿਲਾਂ ਦੇ ਰਾਹ | 14 |
| 14. | ਕੱਲ ਨਾਮ ਕਾਲ ਦਾ | 15 |
| 15. | ਤਾਲਾਕ ਇਕ ਸਾਰਾਪ | 16 |
| 16. | ਰਾਹ ਦੇ ਕੰਡੇ | 17 |
| 17. | ਨੀ ਕੁੜੀਏ | 18 |
| 18. | ਸਿੱਖੀ ਦਾ ਬੂਟਾ | 20 |
| 19. | ਕੁਦਰਤ ਦੇ ਬੰਦੇ | 21 |
| 20. | ਨੂੰਹ ਸੱਸ ਦਾ ਰਿਸ਼ਤਾ | 22 |
| 21. | ਕੁਦਰਤ ਵੱਲੋਂ | 23 |
| 22. | ਇਕ ਸਪਨਾ | 24 |
| 23. | ਪੁੱਤ ਪ੍ਰਦੇਸ਼ੀ | 25 |
| 24. | ਦੂਰੀਆਂ ਕਿ ਮਜਬੂਰੀਆਂ | 26 |
| 25. | ਕੀ ਫਾਇਦਾ | 27 |
| 26. | ਕਲੇਸ਼ | 28 |

27. ਗੁਰੂ ਘਰਾਂ ਦੀ ਸਿਆਸਤ 29
28. ਟਿੱਡਾਂ ਵਾਲਾ ਖੂਹ 30
29. ਕਾਲਪਨਿਕ ਸੋਚ 31
30. ਖਾਲਸੇ ਦਾ ਜਨਮ ਦਿਨ 32
31. ਮੇਰੀ ਰਸਨਾ 33
32. ਗਰੀਬ ਦੀ ਜ਼ਿੰਦਗੀ 34
33. ਨਸਲੀ ਭੇਦ ਭਾਵ 35
34. ਬਾਪ ਪੁੱਤ ਦਾ ਰਿਸ਼ਤਾ 36
35. ਆਪਣਾ ਘਰ 37
36. ਜੋ ਸੁਖ ਛੱਜੂ ਦੇ ਚੁਬਾਰੇ 38
37. ਪੁਰਾਤਨ ਪੇਂਡੂ ਵਸਤਾਂ 39
38. ਉਹਦੀਆਂ ਉਹੀ ਜਾਣੇ 40
39. ਇਹ ਦਿਨ ਵੇਖਣ ਨੂੰ ਆਏ 42
40. ਮਰਨਾ ਸੱਚ ਜੀਉਣਾ ਝੂਠ 43
41. ਗਮਨੀਕ ਪਲ 44
42. ਗੁਰਦਵਾਰਿਆਂ ਦਾ ਸਤਿਕਾਰ 45
43. ਪੁੱਤ ਦਾ ਫਰਜ਼ 46
44. ਬੁਢਾਪਾ 47
45. ਨਹੀਂ ਪਹਿਲਾ ਪੰਜਾਬ ਰਿਹਾ 48
46. ਇਹ ਵਤਨ ਹਮਾਰਾ 49
47. ਤੇਰੀ ਲੀਲਾ 50
48. ਸਾਬਤ ਸੂਰਤ ਸਿੱਖ 51
49. ਸਾਡਾ ਭਾਰਤ ਮਹਾਨ 53
50. ਵਸੀਅਤ 54
51. ਪੁੱਤ ਬਾਪੂ ਦਾ ਕਰਜਾਈ 55
52. ਧੀਆਂ ਦਾ ਸਤਿਕਾਰ 56
53. ਕੁੜੀ ਚੰਡੀਗੜ੍ਹ ਦੀ 57
54. ਅਜੋਕੇ ਸਮੇਂ ਦੀ ਸਿੱਖੀ 58
55. ਮਾਂ ਦਾ ਰਿਸ਼ਤਾ 59
56. ਮਨੁੱਖੀ ਜੀਵਨ 60

57. ਚੁੱਲ੍ਹਾ ਚੌਂਕਾ 61
58. ਸਿੱਖ ਧਰਮ ਦੇ ਬਾਨੀ 62
59. ਗਰੀਬੀ 63
60. ਮੇਰੀ ਕੈਲੀਫੋਰਨੀਆਂ ਫੇਰੀ 65
61. ਮਾਹੀ ਪ੍ਰਦੇਸੀ 67
62. ਚਾਰ ਸਾਹਿਬਜ਼ਾਦੇ 69
63. ਪਿੰਡ ਦੀਆਂ ਯਾਦਾਂ 71
64. ਧੀਆਂ ਪ੍ਰਦੇਸਣਾਂ 72
65. ਬੇਅਦਬੀ ਗੁਰੂ ਗ੍ਰੰਥ ਸਾਹਿਬ 73
66. ਗੁਰੂ ਦਾ ਸਿੱਖ 74
67. ਵੰਡ ਵੰਡਾਈ 75
68. ਪ੍ਰਦੇਸਾਂ ਦੀ ਜ਼ਿੰਦਗੀ 76
69. ਕਿੱਧਰ ਗਏ 77
70. ਮੇਰੀ ਕਵਿਤਾ 78
71. ਕਿੱਥੇ ਆਲ੍ਹਣਾ ਪਾਵਾਂ 79
72. ਦੋ ਗੱਜ ਭੋਂ 80
73. ਮਾਂ ਨੂੰ ਪੁੱਤ ਪਿਆਰਾ 81
74. ਧੀ ਨਾ ਕੁੱਖ ਵਿੱਚ ਮਾਰ 82
75. ਭਗਤ ਸਿੰਘ ਦੀ ਕੁਰਬਾਨੀ 84
76. ਟੁੱਟੀ ਡਾਲ 85
77. ਬਚਪਨ ਦੀਆਂ ਯਾਦਾਂ 86
78. ਮੇਰੀ ਵਤਨ ਫੇਰੀ 87
79. ਔਲਾਦ ਦੇ ਦੁੱਖ ਸੁਖ 88
80. ਅੱਜ ਤੇਰੀ ਥੋੜ 89
81. ਨਦੀਉਂ ਵਿਛੜੇ ਨੀਰ 90
82. ਕੌਣ ਜ਼ਿੰਮੇਵਾਰ 91
83. ਬੌੜ ਬਾਬਾ ਨਾਨਕ 92
84. ਸਿੱਖੀ ਤੇਰੀ ਰੁਲਦੀ 93
85. ਸਾਂਈ ਮੈਂਡੇ! 94
86. ਪੁੱਤ ਵਿਆਹੇ ਹੱਥੋਂ ਗਵਾਏ 95

| | | |
|---|---|---|
| 87. | ਵਤਨੋਂ ਦੂਰ | 97 |
| 88. | ਮਾਂ ਜਾਇਆ | 98 |
| 89. | ਇਸ਼ਕ ਅਵੱਲੜਾ | 100 |
| 90. | ਕਿਸਾਨ ਦੀ ਮੰਦਹਾਲੀ | 102 |
| 91. | ਪੰਜਾਬ ਦੇ ਜ਼ਖ਼ਮ | 103 |
| 92. | ਸੇਜਲੀਆਂ ਅੱਖਾਂ | 104 |
| 93. | ਨਹੀਂ ਉਹ ਪਿੰਡ | 105 |
| 94. | ਦੂਰ ਦੁਰੇਡਿਉਂ | 107 |
| 95. | ਦਰਦਮੰਦਾਂ ਦਾ ਦਰਦੀ | 109 |
| 96. | ਸੱਚ ਬੋਲਦਾ | 110 |
| 97. | ਤੁਰ ਜਾਣ ਜੇ ਮਾਪੇ | 111 |
| 98. | ਯਾਰ ਪੁਰਾਣੇ | 112 |
| 99. | ਆਪਣੇ ਵਤਨੀ | 113 |
| 100. | ਮੈਂ ਉਸ ਦੇਸ ਦਾ ਵਾਸੀ | 114 |
| 101. | ਭਾਰਤੀ ਕੈਦੀ ਦੀ ਭੇਦਭਰੀ ਮੌਤ | 116 |
| 102. | ਆਜ਼ਾਦੀ ਦੀ ਸ਼ਮ੍ਹਾਂ ਦਾ ਪਰਵਾਨਾ | 117 |
| 103. | ਪੰਜਾਬੀ ਵਿੱਚ ਅਮਰੀਕਾ | 118 |
| 104. | ਕਿਰਾਏ ਦਾ ਮਕਾਨ | 119 |
| 105. | ਮਨੁੱਖ ਦੀ ਸੰਤੁਸ਼ਟੀ | 120 |
| 106. | ਯਾਦਾਂ ਦੀ ਡਾਇਰੀ | 122 |
| 107. | ਇਸ਼ਕ ਦੀ ਬੋਲੀ | 124 |
| 108. | ਐਬਾਂ ਰਹਿਤ ਜੀਵਨ | 125 |
| 109. | ਆਸ ਨਾਲ ਜਹਾਨ | 126 |
| 110. | ਟੁੱਟੀ ਡੋਰ | 127 |
| 111. | ਕਿਸਮਤ ਖੋਟੀ | 128 |
| 112. | ਸੱਜ ਵਿਆਹੀ ਨੂੰਹ ਘਰ ਆਈ | 129 |
| 113. | ਜਿਸ ਨੂੰ ਰੱਖੇ ਸਾਂਈਆਂ | 130 |

# "ਮਿੱਟੀ ਦਾ ਮੋਹ" ਪੰਜਾਬੀਆਂ ਦੀ ਵਰਤਮਾਨ ਹੋਣੀ ਦਾ ਕਾਵਿਕ ਬਿਰਤਾਂਤ

"ਮਿੱਟੀ ਦਾ ਮੋਹ" ਰੱਖਣ ਵਾਲਾ ਸ. ਤਰਸੇਮ ਸਿੰਘ ਘੁੰਮਣ ਚਿੜੀ ਦੇ ਪਹੁੰਚੇ ਜਿੱਡੇ ਪਿੰਡ ਸੱਖੋਵਾਲ (ਘੁਮਾਣ-ਗੁਰਦਾਸਪੁਰ) ਤੋਂ ਉੱਠ ਕੇ ਵਿਸ਼ਵ ਦੀ ਮਹਾਂ ਸ਼ਕਤੀ ਦੇ ਮਹਾਂਨਗਰ ਨਿਊਯਾਰਕ ਦਾ ਵਸਨੀਕ ਬਣ ਚੁੱਕਿਆ ਹੈ। ਕਿਸੇ ਨੇ ਸੁਪਨੇ 'ਚ ਵੀ ਸੋਚਿਆ ਨਹੀਂ ਹੋਵੇਗਾ ਕਿ ਸ. ਪਿਆਰਾ ਸਿੰਘ ਦੇ ਘਰ ਸ੍ਰੀਮਤੀ ਸੁਰਜੀਤ ਕੌਰ ਦੀ ਕੁੱਖੋਂ 10 ਦਸੰਬਰ 1950 ਨੂੰ ਪੈਦਾ ਹੋਇਆ ਤਰਸੇਮ ਸਿੰਘ ਘੁੰਮਣ (ਪੰਜਾਬੀ ਲੋਕ ਬੋਲੀ-ਮੁਹਾਵਰੇ ਅਨੁਸਾਰ) ਪਾਸ-ਟ੍ਰਿਪਿਲ ਐੱਮ. ਏ. (ਅਰਥ-ਸ਼ਾਸਤਰ, ਸਮਾਜ ਸ਼ਾਸਤਰ ਤੇ ਵਣ-ਵਪਾਰ) ਤੇ ਅਧਿਆਪਨ ਦੀ ਡਿਗਰੀ (ਬੀ. ਐੱਡ.) ਪ੍ਰਾਪਤ ਕਰਕੇ ਸਥਾਨਕ ਸਰਕਾਰਾਂ ਦੇ ਵਿਭਾਗ 'ਚ ਇੰਸਪੈਕਟਰ ਦੀ ਨੌਕਰੀ ਨੂੰ ਲੱਤ ਮਾਰ ਅਮਰੀਕਾ ਜਾ ਵੱਸੇਗਾ। ਉਨ੍ਹਾਂ ਦੀ ਜੀਵਨ-ਸਾਥਣ ਸ੍ਰੀਮਤੀ ਮਨਜੀਤ ਕੌਰ ਘੁੰਮਣ ਸਿਹਤ ਵਿਭਾਗ 'ਚ ਸਟਾਫ ਨਰਸ ਸਨ ਅਤੇ ਉਨ੍ਹਾਂ ਬੀ. ਐੱਸ. ਸੀ. (ਨਰਸਿੰਗ) ਦੀ ਡਿਗਰੀ ਪ੍ਰਾਪਤ ਹੋਣ ਕਰਕੇ ਉਹ ਚੰਗੇਰੀ ਜ਼ਿੰਦਗੀ ਦੀ ਭਾਲ 'ਚ ਸੱਤ-ਸਮੁੰਦਰੋਂ ਪਾਰ ਜਾ ਵੱਸੇ। ਪਰ ਮਾਂ-ਜਣਨੀ, ਮਾਂ-ਬੋਲੀ ਤੇ ਮਾਂ-ਮਿੱਟੀ ਦਾ ਮੋਹ ਉਨ੍ਹਾਂ ਨੂੰ ਕੁਝ ਵਕਫਿਆਂ ਬਾਅਦ ਵਤਨ ਲੈ ਆਉਂਦਾ ਹੈ। ਉਨ੍ਹਾਂ ਦੇ ਜ਼ਿੰਦਗੀ 'ਚ ਹਰ ਸਫਲਤਾ ਵਿਚ ਉਨ੍ਹਾਂ ਦੇ ਤਾਇਆ ਜੀ ਦੇ ਲੜਕੇ ਸ. ਸਤਨਾਮ ਸਿੰਘ ਘੁੰਮਣ ਜੋ ਚੰਗੇ ਪੜ੍ਹੇ ਲਿਖੇ ਵਿਅਕਤੀ ਹਨ, ਦੀ ਭੂਮਿਕਾ ਪ੍ਰਸੰਸਾਯੋਗ ਹੈ। ਉਨ੍ਹਾਂ ਦਾ ਨੈਤਿਕ/ ਸਦਾਚਾਰਕ ਸਮਰਥਨ ਹਮੇਸ਼ਾ ਤਰਸੇਮ ਸਿੰਘ ਘੁੰਮਣ ਦੇ ਨਾਲ ਰਿਹਾ ਹੈ। ਘੋਰ ਸਵਾਰਥ ਦੇ ਇਸ ਦੌਰ ਵਿਚ ਅਜਿਹਾ ਸਮਰਥਨ ਆਮ ਨਹੀਂ ਹੈ। ਸਮੁੱਚੇ ਤੌਰ 'ਤੇ "ਮਿੱਟੀ ਦਾ ਮੋਹ" ਅਮੀਰ ਪੰਜਾਬੀ ਤੇ ਸਿੱਖ ਵਿਰਸਾ ਅਤੇ ਹਕੀਕੀ ਪੰਜਾਬੀ ਸੱਭਿਆਚਾਰ ਉਸ ਨੂੰ ਪੰਜਾਬੀ ਬੋਲੀ-ਭਾਸ਼ਾ ਤੇ ਮਾਂ ਧਰਤੀ ਦੇ ਸਮਾਜਿਕ ਸਰੋਕਾਰਾਂ ਨਾਲ ਜੋੜ ਦਿੰਦਾ ਹੈ। ਉਹ ਸੇਵਾ-ਮੁਕਤ ਜ਼ਿੰਦਗੀ 'ਚ ਅਚਨਚੇਤੀ ਸ਼ਬਦ ਸਭਿਆਚਾਰ ਨਾਲ ਜੁੜ ਜਾਂਦਾ ਹੈ।

ਕਵਿਤਾ ਹਰ ਭਾਸ਼ਾ ਦੇ ਸਾਹਿਤ ਦੀ ਮੂਲ-ਮੁਢਲੀ ਵਿਧੀ ਹੈ। ਕਵਿਤਾ ਕਵੀ ਦੇ ਅਨੁਭਵ, ਅਹਿਸਾਸਾਂ, ਭਾਵਾਂ, ਵਲਵਲਿਆਂ ਤੇ ਜਜ਼ਬਾਤਾਂ ਦੀ ਪੇਸ਼ਕਾਰੀ ਹੈ। ਕਵਿਤਾ ਕਵੀ ਦੀ ਕਸ਼ੀਦ ਕੀਤੀ ਆਤਮਕਥਾ ਵੀ ਹੈ। ਮਨੁੱਖ

ਦੀ ਨਿੱਜਮਤ ਹੋਂਦ ਚੌਗਿਰਦੇ ਤੋਂ ਪ੍ਰਭਾਵਿਤ ਹੁੰਦੀ ਹੈ ਅਤੇ ਉਹ ਜ਼ਿੰਦਗੀ ਦੇ ਅਮਲ 'ਚ ਅਚੇਤ-ਸੁਚੇਤ ਚੌਗਿਰਦੇ ਨੂੰ ਪ੍ਰਭਾਵਿਤ ਵੀ ਕਰਦਾ ਹੈ। ਇਸ ਸਾਰੇ ਕੁਝ ਦੇ ਜਮ੍ਹਾਂ-ਜੋੜ ਦਾ ਸ਼ਾਬਦਿਕ ਨਾਂ ਆਤਮਕਥਾ ਹੈ। ਮਨੁੱਖ ਕਵਿਤਾ 'ਚ ਅਚੇਤ-ਸੁਚੇਤ ਆਪਣੀ ਆਤਮਕਥਾ ਨੂੰ ਹੀ ਪੇਸ਼ ਕਰਦਾ ਹੈ। ਹਾਂ, ਕਵਿਤਾ ਦੇ ਪਾਰਖੂ ਆਸ ਕਰਦੇ ਹਨ ਕਿ ਕਵਿਤਾ ਸਮਿਆਂ ਦਾ ਸੱਚ ਪੇਸ਼ ਕਰੇ ਅਤੇ ਇਹ ਸੱਚ ਪ੍ਰਤੀਨਿਧ ਹੋਵੇ, ਪਰ ਇਨ੍ਹਾਂ ਨੂੰ ਸਾਹਿਤ ਦਾ ਵਸਤੂ ਨਾ ਬਣਾਇਆ ਜਾਵੇ ਤਾਂ ਇਹ ਸਾਹਿਤ ਦੇ ਸਮਾਜ ਲਈ ਬਿਹਤਰ ਹੋਵੇਗਾ। ਕਾਰਨ? ਅਜਿਹਾ ਕਰਨ ਨਾਲ ਸਮਿਆਂ ਦਾ ਸੱਚ/ਯਥਾਰਥ/ਵਾਸਤਵਿਕਤਾ ਵਿਕ੍ਰਿਤ (Distorted) ਰੂਪ 'ਚ ਪੇਸ਼ ਹੋ ਜਾਂਦੀ ਹੈ ਅਤੇ ਪਾਠਕ-ਸਰੋਤੇ ਦੀ ਸਮਝਦਾਰੀ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਲਈ ਕਵਿਤਾ ਦੇ ਪਾਰਖੂ ਮੰਗ ਕਰਦੇ ਹਨ ਕਿ ਕਵਿਤਾ/ ਸਾਹਿਤ 'ਚ ਪ੍ਰਤੀਨਿਧ ਸੱਚ ਪੇਸ਼ ਕੀਤਾ ਜਾਵੇ।

ਦੂਜੇ ਕਵਿਤਾ/ਸਾਹਿਤ ਵਿਚ ਪੇਸ਼ ਸੱਚ ਕਲਿਆਣਕਾਰੀ ਹੋਵੇ। ਇਹ ਸਮਾਜਿਕ-ਸਰੋਕਾਰਾਂ ਨਾਲ ਜੈਵਿਕ (organic) ਰੂਪ 'ਚ ਅੰਤਰ ਸੰਬੰਧਿਤ ਹੋਵੇ।

**ਸਾਹਿਤ/ਕਵਿਤਾ ਲੋਕਾਂ ਦੀ ਡੰਗੋਰੀ ਬਣੇ**—ਲੋਕਾਂ ਨੂੰ ਨਵੀਂ ਉਰਜਾ ਦੇਵੇਂ, ਉਨ੍ਹਾਂ ਦਾ ਪਥ-ਪ੍ਰਦਰਸ਼ਨ ਕਰੇ; ਨਿਰਾਸਤਾ 'ਚ ਡੁੱਬਿਆਂ ਨੂੰ ਆਸਾਂ ਦੇ ਖੰਭ ਲਾਵੇ; ਉਨ੍ਹਾਂ ਦੀ ਸਮਝਦਾਰੀ ਨੂੰ ਸਪਸ਼ਟ ਕਰੇ। ਉਨ੍ਹਾਂ ਦੇ ਮਨੋਰੰਜਨ ਦੇ ਨਾਲ ਨਾਲ ਸਮਾਜਿਕ ਸਰੋਕਾਰਾਂ ਬਾਰੇ ਵੀ ਸੋਝੀ ਦੇਵੇ ਅਤੇ ਸਾਰਿਥਕ ਸੁਨੇਹਾ ਸੰਚਾਰਿਤ ਕਰੇ। ਤੀਜੇ, ਕਵਿਤਾ/ਸਾਹਿਤ 'ਚ ਪੇਸ਼ ਸੱਚ ਕਲਾਤਮਿਕ ਸੂਝ ਨਾਲ ਭਾਵ ਕਲਾਯੁੱਕਤ ਢੰਗ ਨਾਲ ਪੇਸ਼ ਹੋਵੇ। ਕਲਾਤਮਕ ਵਿਧੀਆਂ ਤੇ ਢੰਗ ਤਰੀਕਿਆਂ ਦੀ ਵਰਤੋਂ ਯਕੀਨੀ ਬਣਾਉਣੀ ਸ਼ਬਦ-ਸਾਧਕ ਦਾ ਕਰਤੱਵ ਹੈ। ਸੱਚ-ਸਮਝ/ ਯਥਾਰਥ/ਵਾਸਤਵਿਕਤਾ ਨੂੰ ਅਜਿਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਜਾਵੇ ਕਿ ਪਾਠਕ-ਸਰੋਤੇ 'ਤੇ ਉਸ ਦਾ ਦੂਰਗਾਮੀ/ਚਿਰ ਸਥਾਈ ਪ੍ਰਭਾਵ ਬਣਿਆ ਰਹੇ। ਇਸ 'ਚ ਸ਼ਬਦ ਚੋਣ, ਸ਼ਬਦ ਜੜ੍ਹਤ, ਅਖਾਵਾਂ, ਮੁਹਾਵਰਿਆਂ ਤੇ ਲੋਕ-ਉੱਕਤੀ ਤੇ ਅਲੰਕਾਰਾਂ ਦੀ ਵਰਤੋਂ ਹੋਵੇ। ਪੇਸ਼ਕਾਰੀ ਲਈ ਸਰਲ, ਸਾਦ-ਮੁਰਾਦੀ ਤੇ ਸਮਝ 'ਚ ਆਉਂਣ ਵਾਲੀ ਭਾਸ਼ਾ ਸ਼ੈਲੀ ਦੀ ਵਰਤੋਂ ਕੀਤੀ ਜਾਵੇ। ਕਵਿਤਾ/ ਸਾਹਿਤ ਨੂੰ ਸੰਬੰਧਿਤ ਭਾਸ਼ਾ ਦਾ ਆਮ ਪਾਠਕ ਸਮਝ ਸਕੇ; ਉਹ ਕਾਵਿਕ ਗੁਣਾਂ ਨੂੰ ਆਤਮਗਤ ਕਰਨ ਦੇ ਨਾਲ ਕਵਿਤਾ ਨੂੰ ਆਪਣੀ ਸਮਝੇ। ਸਾਡੇ ਪਾਠਕ ਵੱਡੀ ਗਿਣਤੀ 'ਚ ਅਨਪੜ੍ਹ ਜਾਂ ਅੱਨਪੜ੍ਹ ਹਨ। ਉਨ੍ਹਾਂ ਨੂੰ ਕਠਿਨ ਤੇ ਭਾਰੀ-ਭਰਕਮ ਸ਼ਬਜਾਵਲੀ ਤੇ ਮੱਧ-ਸ਼੍ਰੇਣਿਕ ਮਨੁੱਖ ਦੀਆਂ ਮਾਨਸਿਕ ਗੁੰਝਲਾਂ ਸਮਝ ਨਹੀਂ ਆਉਂਦੀਆਂ। ਉਨ੍ਹਾਂ ਨੂੰ ਉਨ੍ਹਾਂ ਦੀ ਜ਼ਿੰਦਗੀ ਦੀ ਬਾਤ ਉਨ੍ਹਾਂ ਦੇ ਬੋਲ-

ਚਾਲ 'ਚ ਹੀ ਚੰਗੀ ਲੱਗਦੀ ਹੈ। ਕਵਿਤਾ 'ਚ ਬੋਝਲ ਤੇ ਬੌਧਿਕ ਸ਼ਬਦਾਵਲੀ ਵਿਵਰਜਿਤ ਹੀ ਸਮਝਣੀ ਚਾਹੀਦੀ ਹੈ।

ਇਹ ਬੜੀ ਤਸੱਲੀ ਤੇ ਖੁਸ਼ੀ ਵਾਲੀ ਗੱਲ ਹੈ ਕਿ ਤਰਸੇਮ ਸਿੰਘ ਘੁੰਮਣ "ਮਿੱਟੀ ਦਾ ਮੋਹ" ਕਾਵਿ-ਕਿਤਾਬ 'ਚ ਆਮ ਪੰਜਾਬੀ ਬੰਦੇ ਦੇ ਸਮਾਜਿਕ ਸਰੋਕਾਰਾਂ ਨੂੰ ਪੇਂਡੂ ਪੰਜਾਬੀ ਸ਼ਬਦਾਵਲੀ 'ਚ ਸਾਦ-ਮੁਰਾਦੇ ਢੰਗ ਨਾਲ ਪੇਸ਼ ਕਰਦਾ ਹੈ। ਯਾਦ ਰਹੇ ਕਿ ਸਾਦਗੀ 'ਚ ਆਪਣਾ ਸੁਹਜ ਤੇ ਸੁੰਦਰਤਾ ਹੈ। ਉਹ ਪੰਜਾਬੀ ਬੰਦੇ ਦੇ ਦੁੱਖਾਂ, ਮੁਸ਼ਕਿਲਾਂ-ਮੁਸੀਬਤਾਂ ਤੇ ਸਮੱਸਿਆਵਾਂ ਨੂੰ ਜਬਾਨ ਦਿੰਦਾ ਹੈ। ਉਹ ਪੀੜਤ ਤੇ ਵੰਚਿਤ-ਵਿਹੂਣੀ ਧਿਰ ਦੀ ਆਵਾਜ਼ ਬਣਦਾ ਹੈ। ਉਨ੍ਹਾਂ ਦੀ ਲੋੜਾਂ-ਥੋੜ੍ਹਾਂ ਮਾਰੀ ਜ਼ਿੰਦਗੀ ਦੀ ਬਾਤ ਪਾਉਂਦਾ ਹੈ। ਉਹ ਅਜਿਹਾ ਇਸ ਲਈ ਕਰਦਾ ਹੈ ਕਿ ਸਾਰਿਆਂ ਨੂੰ ਘੱਟ ਤੋਂ ਘੱਟ ਇਕ ਸਮਾਜਿਕ ਬਰਾਬਰੀ ਦਾ ਅਹਿਸਾਸ ਹੋਵੇ। ਉਹ ਮਾਨਵਤਾ ਦਾ ਸੁਨੇਹਾ ਦਿੰਦਾ ਹੈ।

ਸਮਾਜਿਕ ਸਰੋਕਾਰਾਂ ਦੀ ਪੇਸ਼ਕਾਰੀ ਦੇ ਨਾਲ ਨਾਲ ਉਹ ਨੈਤਿਕ ਮੁੱਲ ਵਿਧਾਨ; ਸਮਾਜਿਕ ਕਦਰਾਂ-ਕੀਮਤਾਂ ਤੇ ਅਮੀਰ ਪੰਜਾਬੀ ਵਿਰਸੇ ਦਾ ਝੰਡਾ ਬਰਦਾਰ ਬਣਦਾ ਹੈ। ਭਾਰਤ/ਪੰਜਾਬ 'ਚ ਕਥਿੱਤ ਨਵੀਂਆਂ ਆਰਥਿਕ ਤੇ ਸਨਅਤੀ ਨੀਤੀਆਂ 'ਤੇ ਅਮਲ ਨਾਲ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੇ ਇਸ ਦੌਰ 'ਚ ਸਵਾਰਥ ਬੇਹੱਦ ਭਾਰੂ ਹੋ ਗਿਆ ਹੈ। ਹਰ ਕੋਈ ਦੂਜੇ ਦੀ ਹਿੱਕ 'ਤੇ ਪੈਰ ਰੱਖਕੇ ਅੱਗੇ ਨਿਕਲਣ ਲਈ ਸਿਰ ਪਰਨੇ ਹੋਇਆ ਪਿਆ ਹੈ। ਵਿਕਸਤ ਪੂੰਜੀਵਾਦੀ ਦੇਸ਼ਾਂ ਦੇ ਖਪਤ ਸਭਿਆਚਾਰ ਨੇ ਪੰਜਾਬੀਆਂ ਦੇ ਸਹਿਜ-ਸੰਜਮੀ ਤੇ ਸਬਰ-ਸੰਤੋਖ ਵਾਲੀ ਜੀਵਨ-ਸ਼ੈਲੀ ਦਾ ਸੱਤਿਆਨਾਸ਼ ਕਰ ਦਿੱਤਾ ਹੈ। ਕਈ ਵਾਰ ਇਸ ਤਰ੍ਹਾਂ ਲੱਗਦਾ ਹੈ ਕਿ ਵਿਅਕਤੀਵਾਦ-ਨਿੱਜਵਾਦ ਚਰਮ ਸੀਮਾ ਵੱਲ ਵਧ ਰਿਹਾ ਹੈ ਜਿਥੇ ਆਪਣੇ ਤੁਸੀਂ ਸਿਰਫ ਆਪ ਹੋ। ਨਿੱਜ ਤੇ ਨਿੱਜ ਤੋਂ ਬਾਅਦ ਪਰਿਵਾਰ ਅਤੇ ਪਰਿਵਾਰ ਤੋਂ ਬਾਅਦ ਕੁਝ ਵੀ ਨਹੀਂ। ਸਾਡੀ ਪੀੜ੍ਹੀ ਦੇ ਸੰਵੇਦਨਸ਼ੀਲ ਲੋਕ ਇਸ ਵਰਤਾਰੇ ਤੋਂ ਦੁਖੀ ਹਨ। ਸ. ਤਰਸੇਮ ਸਿੰਘ ਘੁੰਮਣ ਇਸ ਪੀੜ੍ਹੀ ਦਾ ਪ੍ਰਤੀਨਿਧ ਹੈ। ਭਾਰਤੀ ਤੇ ਵਿਸ਼ੇਸ਼ ਕਰਕੇ ਪੰਜਾਬੀ ਸਿੱਖ ਫਲਸਫ਼ਾ ਦੂਜਿਆਂ ਦੇ/ਸਮਾਜ ਦੇ/ਦੇਸ਼ ਦੇ ਲੋਕਾਂ ਦੀ ਖਾਤਰ ਜਾਨਾਂ ਨਿਛਾਵਰ ਕਰਨ ਦਾ ਫਲਸਫ਼ਾ ਹੈ। ਨਿੱਜ ਹਿੱਤਾਂ ਦੀ ਪੂਰਤੀ ਨੂੰ ਸਮਾਜਿਕ ਹਿੱਤਾਂ ਦੀ ਪੂਰਤੀ ਅਤੇ ਨਿੱਜਗਤ ਖੁਸ਼ੀ, ਸੁਖਾਂ ਤੇ ਸੰਤੁਸ਼ਟੀ ਨੂੰ ਸਮਾਜਿਕ ਖੁਸ਼ੀ, ਸੁਖਾਂ ਤੇ ਸੰਤੁਸ਼ਟੀ ਦੇ ਪ੍ਰਸੰਗ 'ਚ ਵੇਖਿਆ ਜਾਂਦਾ ਹੈ। ਸ. ਤਰਸੇਮ ਸਿੰਘ ਘੁੰਮਣ ਅਜਿਹੇ ਯੁੱਗ 'ਚ ਪ੍ਰਵਾਨ ਚੜ੍ਹਿਆ ਹੈ ਅਤੇ ਉਸ 'ਤੇ ਸਿੱਖ ਦਰਸ਼ਨ ਦੀ ਸੁਨਹਿਰੀ ਵਿਰਾਸਤ ਦੇ ਨਾਲ ਨਾਲ ਸੁਤੰਤਰਤਾ ਸੰਗਰਾਮ ਦੇ ਨਾਇਕਾਂ ਦਾ

ਗੂੜ੍ਹਾ ਪ੍ਰਭਾਵ ਹੈ। ਉਸ ਨੇ ਭਾਰਤ/ਪੰਜਾਬ ਅਤੇ ਅਮਰੀਕਾ ਦੇ ਲੋਕਾਂ ਦੀ ਜੀਵਨ ਸ਼ੈਲੀ ਤੇ ਪੱਧਰ ਨੂੰ ਹੱਡੀਂ ਹੰਢਾਇਆ ਹੈ। ਉਹ "ਮਿੱਟੀ ਦਾ ਮੋਹ" ਕਾਵਿ ਕਿਤਾਬ 'ਚ ਆਪਣੇ ਅਨੁਭਵ ਤੇ ਅਹਿਸਾਸਾਂ ਨੂੰ ਉੱਕਤ ਪਿਛੋਕੜ 'ਚ ਹੀ ਪੇਸ਼ ਕਰਦਾ ਹੈ। ਇਸ 'ਚ ਮੁੱਖ ਰੂਪ/ ਸਿੱਖੀ ਦੀ ਅਮੀਰ ਵਿਰਾਸਤ, ਮਾਂ ਦੀ ਮਮਤਾ ਦੇ ਪ੍ਰਸੰਗ 'ਚ ਉਹ ਸਵੈ-ਝਾਤ ਪਾਉਣ, ਪੰਜਾਬ 'ਚ ਨਸ਼ਿਆਂ ਦੇ ਮੱਕੜ ਜਾਲ, ਮਾਂ ਦੀ ਮਮਤਾ, ਬਜ਼ੁਰਗਾਂ ਦੀ ਹੋਣੀ, ਮਾਦਾ ਭਰੂਣ ਹੱਤਿਆਂ ਅਤੇ ਅਮੀਰੀ-ਗ਼ਰੀਬੀ ਦੇ ਵੱਧ ਰਹੇ ਪਾੜ੍ਹੇ ਵਿਰੁੱਧ ਆਪਣੀ ਕਾਫ਼ੀ ਸਿਰਜਣ ਊਰਜਾ ਲਗਾਉਂਦਾ ਹੈ। ਇਸ 'ਚੋਂ ਹੀ ਅਤੀਤ ਦਾ ਮੋਹ ਉਤਪੰਨ ਹੁੰਦਾ ਹੈ ਅਤੇ ਸਾਡਾ ਸ਼ਾਇਰ ਅਤੀਤ ਨੂੰ ਅਵਾਜ਼ਾ ਮਾਰਦਾ ਪ੍ਰਤੀਤ ਹੁੰਦਾ ਹੈ। ਉਸ ਦੀ ਕਵਿਤਾ 'ਚ ਤੁਲਾਨਤਮਕ ਪੇਸ਼ਕਾਰੀ ਵੀ ਵੱਡੇ ਪੱਧਰ 'ਤੇ ਹੈ। ਇਕ ਪਾਸੇ ਪੁਰਾਣੇ ਪੰਜਾਬ ਵਿਚਲੀ ਸਮਾਜਿਕ ਸਾਂਝ ਹੈ, ਦੂਜੇ ਪਾਸੇ ਬਜ਼ੁਰਗਾਂ ਦੀ ਤਰਸਯੋਗ ਹਾਲਤ ਹੈ। ਇਕ ਪਾਸੇ ਅਮੀਰ ਸਿੱਖ ਦਰਸ਼ਨ ਹੈ, ਦੂਜੇ ਪਾਸੇ ਵਹਿਮ-ਭਰਮ ਤੇ ਮਾਦਾ ਭਰੂਣ ਹੱਤਿਆ ਹੈ। ਇਕ ਪਾਸੇ ਇਕ ਦੂਜੇ ਦੇ ਦੁੱਖ-ਦਰਦ 'ਚ ਸ਼ਾਮਲ ਹੋਣ ਦਾ ਸ਼ਾਨਦਾਰ ਅਤੀਤ ਹੈ, ਦੂਜੇ ਪਾਸੇ ਸਵਾਰਥ ਦਾ ਚਰਮ ਸੀਮਾ 'ਤੇ ਪਹੁੰਚਣਾ ਹੈ। ਇਕ ਪਾਸੇ ਪੁਰਾਣੇ ਪੰਜਾਬ 'ਚ ਪੰਜਾਬੀ ਨੌਜਵਾਨਾਂ ਦੀ ਸੁਝੌਲਤਾ ਤੇ ਬਾਹੂਬਲ ਦੀ ਬਾਤ ਹੈ, ਦੂਜੇ ਪਾਸੇ ਵਰਤਮਾਨ 'ਚ ਨਸ਼ਿਆਂ ਦਾ ਮੱਕੜ ਜਾਲ ਹੈ।

ਅਜਿਹੀ ਪੇਸ਼ਕਾਰੀ ਕਰਦਿਆਂ ਮੈਨੂੰ ਉਹ ਪਹਿਲ-ਪਲੇਠੇ ਯਤਨਾਂ ਵਿਚ ਸਫਲ ਰਿਹਾ ਪ੍ਰਤੀਤ ਹੁੰਦਾ ਹੈ। ਸਿਰਜਣ ਤੇ ਮੁਲੰਕਣ ਪ੍ਰਕ੍ਰਿਆ ਨਾਲ-ਨਾਲ ਚੱਲਦੇ ਰਹਿੰਦੇ ਹਨ। ਅੰਤਿਮ ਨਿਰਣਾ ਸੂਝਵਾਨ ਪੰਜਾਬੀ ਪਾਠਕਾਂ ਦੇ ਹਵਾਲੇ ਕਰਦਿਆਂ ਮੈਂ ਕੇਵਲ ਤਰਸੇਮ ਸਿੰਘ ਘੁੰਮਣ ਨੂੰ ਵਧਾਈ ਦਿੰਦਿਆਂ ਪੰਜਾਬੀ ਦੇ ਸਮਕਾਲੀ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਦੇ ਸ਼ਿਅਰ ਨਾਲ "ਮਾਂ-ਮਿੱਟੀ" ਕਾਵਿ ਸੰਗ੍ਰਹਿ ਨੂੰ ਲੋਕ ਅਰਪਣ ਕਰਦਾ ਹਾਂ। ਜਦੋਂ ਤਕ ਲਫ਼ਜ਼ ਜਿਊਂਦੇ ਨੇ, ਸੁਖਨਵਰ ਜਿਓਣ ਮਰ ਕੇ ਵੀ ਉਹ ਕੇਵਲ ਜਿਸਮ ਹੁੰਦੇ ਨੇ, ਜੋ ਸਿਵਿਆਂ ਵਿਚ ਸੁਆਹ ਬਣਦੇ। "ਸੁਖਨਵਰ" ਤਰਸੇਮ ਸਿੰਘ ਘੁੰਮਣ ਨੂੰ ਖੁਸ਼ਆਮਦੀਨ—

**ਅਨੂਪ ਸਿੰਘ (ਡਾ.)**
ਸੀਨੀਅਰ ਮੀਤ ਪ੍ਰਧਾਨ
ਪੰਜਾਬੀ ਸਾਹਿਤ ਅਕਾਡਮੀ,
ਲੁਧਿਆਣਾ

# ਆਪਣੇ ਵੱਲੋਂ

ਇਸ ਪੁਸਤਕ ਨੂੰ ਛਪਵਾਉਣ ਲਈ ਮਿਲੇ ਸਹਿਯੋਗ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ। ਇਹਨਾਂ ਕਵਿਤਾਵਾਂ ਨੂੰ ਪਾਠਕਾਂ ਤਕ ਪਹੁਚਾਉਣ ਲਈ ਮੇਰੇ ਦੋਸਤਾਂ ਵੱਲੋਂ ਚੰਗਾ ਹੁੰਗਾਰਾ ਮਿਲਣ ਕਾਰਨ ਹੀ ਇਹ ਪੁਸਤਕ ਆਪਣੇ ਪਹਿਲੇ ਪੜਾਅ ਤੋਂ ਸ਼ੁਰੂ ਹੁੰਦੀ ਹੋਈ ਅਖੀਰਲੇ ਪੜਾਅ ਤੇ ਪਹੁੰਚ ਕੇ ਸੰਪਨ ਹੋਈ ਹੈ।

ਮੈਂ ਅਰਥ ਸ਼ਾਸਤਰ, ਸਮਾਜ ਸ਼ਾਸਤਰ ਤੇ ਵਣਜ-ਵਪਾਰ ਸ਼ਾਸਤਰ ਦੇ ਵਿਸ਼ਿਆਂ 'ਚ ਐੱਮ. ਏ. ਕੀਤੀ ਹੋਈ ਹੈ ਅਤੇ ਅਧਿਆਪਨ ਲਈ ਬੀ. ਐੱਡ. ਦੀ ਡਿਗਰੀ ਪ੍ਰਾਪਤ ਕੀਤੀ ਹੈ। ਮੈਂ ਇੱਕ ਛੋਟੇ ਜਿਹੇ ਪਿੰਡ ਸੱਖੋਵਾਲ ਦਾ ਜੰਮਪਲ ਹਾਂ ਅਤੇ ਮੇਰਾ ਸੰਬੰਧ ਕਿਸਾਨੀ ਪਰਿਵਾਰ ਨਾਲ ਹੈ। ਭਾਵੇਂ ਪਿਛਲੇ ਸਤਾਈ ਸਾਲੋਂ ਤੋਂ ਅਮਰੀਕਾ ਦੀ ਧਰਤੀ ਦਾ ਪਾਣੀ ਪੀ ਰਿਹਾ ਹਾਂ, ਪਰ ਫਿਰ ਵੀ ਵਤਨ ਦੀ ਮਿੱਟੀ ਦਾ ਪਿਆਰ ਮੇਰੇ ਜ਼ਰੇ-ਜ਼ਰੇ ਵਿੱਚ ਘਰ ਕਰੀ ਬੈਠਾ ਹੈ ਜਿਸ ਕਾਰਨ ਆਪਣੇ ਵਤਨ ਨੂੰ ਭੁਲਾਉਣਾ ਮੇਰੇ ਲਈ ਮੁਸ਼ਕਲ ਹੀ ਨਹੀਂ ਅਸੰਭਵ ਹੈ। ਇਕ ਕਹਾਵਤ ਹੈ ਕਿ ਮਨੁੱਖ ਵਤਨ ਛੱਡ ਜਾਂਦਾ ਪਰ ਵਤਨ ਮਨੁੱਖ ਨੂੰ ਕਦੀ ਨਹੀਂ ਛੱਡਦਾ। ਵਤਨ ਹਮੇਸ਼ਾ ਮਨੁੱਖ ਦੇ ਨਾਲ ਜਾਂਦਾ। ਸਹੀ ਅਰਥਾਂ ਵਿੱਚ ਮੈਂ ਆਪਣੇ ਵਤਨ ਨੂੰ ਨਹੀਂ ਭੁਲਾ ਸਕਿਆ ਜੋ ਮੇਰੇ ਅੰਤ ਤਕ ਮੇਰੇ ਨਾਲ ਜਾਵੇਗਾ। ਇਨਸਾਨ ਦਾ ਜਿਸ ਚੌਗਿਰਦੇ ਵਿੱਚ ਬਚਪਨ ਢਲਿਆ ਹੋਵੇ ਉਹ ਕਦੀ ਨਹੀਂ ਭੁਲ ਸਕਦਾ ਭਾਵੇਂ ਸਤ ਸਮੁੰਦਰੋਂ ਪਾਰ ਵੀ ਕਿਉਂ ਨਾ ਚਲਿਆ ਜਾਵੇ। ਮੇਰੀਆਂ ਕਵਿਤਾਵਾਂ ਵਿੱਚੋਂ ਮਾਤਭੂਮੀ ਦੀ ਖੁਸ਼ਬੂ ਆਉਂਦੀ ਹੈ। ਇਨ੍ਹਾਂ ਕਵਿਤਾਵਾਂ ਵਿੱਚੋਂ ਅਸਲੀ ਜੀਵਨ ਦੀ ਝਲਕ ਪੈਂਦੀ ਹੈ। ਮੇਰੀ ਹਰ ਸੰਭਵ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਦੇ ਰੋਜ਼ਾਨਾਂ ਜੀਵਨ ਵਿੱਚ ਗੁਜ਼ਰਨ ਵਾਲੀਆਂ ਘਟਨਾਵਾਂ ਨੂੰ ਆਪਣੀ ਕਵਿਤਾਵਾਂ ਵਿੱਚ ਖਾਸ ਥਾਂ ਦੇਵਾ। ਅੱਜ ਦਾ ਪੰਜਾਬ, ਪਹਿਲਾਂ ਵਾਲਾ ਪੰਜਾਬ ਨਹੀਂ ਰਿਹਾ, ਅਹਿਮਦ ਸ਼ਾਹ ਅਬਦਾਲੀ ਦੇ ਵੇਲੇ ਦੀ ਗੱਲ ਕਰੀਏ ਤਾਂ ਪੰਜਾਬ ਸੋਨੇ ਦੀ ਚਿੜੀਆਂ ਸੀ। ਇਹੀ ਕਾਰਨ ਸੀ ਕਿ ਮੁਗਲ ਬਾਦਸ਼ਾਹ ਹਮੇਸ਼ਾਂ ਪੰਜਾਬ ਨੂੰ ਹਮਲੇ ਦਾ ਨਿਸ਼ਾਨਾ ਬਣਾਉਂਦੇ ਰਹੇ। ਪਰ ਅੱਜ ਦੇ ਪੰਜਾਬ ਦੀ ਹਾਲਤ ਬਹੁਤ ਤਰਸਯੋਗ ਬਣ ਚੁੱਕੀ ਹੈ।

ਆਪਣੀ ਜੰਮਣ ਭੋਇ ਨਾਲ ਮੋਹ ਸਰੋਤਿਆਂ ਤਕ ਪਚਾਉਣ ਲਈ ਇਹ ਪੁਸਤਕ "ਮਿੱਟੀ ਦਾ ਮੋਹ" ਪ੍ਰਕਾਸ਼ਿਤ ਕਰਵਾਉਣ ਦਾ ਫੈਸਲਾ ਕੀਤਾ ਹੈ। ਇਸ

ਵੇਲੇ ਮੈਂ ਡੂੰਘੀ ਤਸੱਲੀ, ਖ਼ੁਸ਼ੀ ਤੇ ਸੰਤੁਸ਼ਟੀ ਦੇ ਅਹਿਸਾਸ ਨਾਲ ਭਰਪੂਰ ਹਾਂ।

**ਕੁਝ ਸ਼ਬਦ :**

1. ਕੋਈ ਵੀ ਸੰਵੇਦਨਸ਼ੀਲ ਮਨੁੱਖ ਆਪਣੇ ਮਾਂ-ਬਾਪ ਦਾ ਕਰਜ਼ਾ ਨਹੀਂ ਉਤਾਰ ਸਕਦਾ। ਭਾਰਤੀ/ਪੰਜਾਬੀ ਸਮਾਜ ਵਿਚ ਮਾਂ-ਬਾਪ ਆਪਣੇ ਧੀਆਂ-ਪੁੱਤਾਂ ਨੂੰ ਪੈਰਾਂ 'ਤੇ ਖੜ੍ਹਾ ਕਰਨ ਲਈ ਹਰ ਸੰਭਵ ਯਤਨ ਕਰਦੇ ਹਨ। ਉਨ੍ਹਾਂ ਦੇ ਨਿਰਸਵਾਰਥ ਯਤਨਾਂ ਦਾ ਕੋਈ ਵੀ ਮੁੱਲ ਨਹੀਂ ਤਾਰ ਸਕਦਾ। ਸੋ ਮੈਂ ਸਭ ਤੋਂ ਪਹਿਲਾਂ ਆਪਣੇ ਸਤਿਕਾਰਤ ਮਾਂ-ਬਾਪ ਦੀ ਮਿੱਠੀ ਤੇ ਨਿੱਘੀ ਯਾਦ 'ਚ ਸਿਰ ਝੁਕਾਉਂਦਾ ਹਾਂ। ਇਸ ਦੇ ਨਾਲ ਹੀ ਮੈਂ ਆਪਣੇ ਪਰਿਵਾਰਕ ਮੈਂਬਰਾਂ ਤੇ ਭਾਈਚਾਰੇ ਦਾ ਵੀ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਮੈਨੂੰ ਪ੍ਰਵਾਨ ਚੜ੍ਹਾਉਣ 'ਚ ਆਪਣਾ ਯੋਗਦਾਨ ਪਾਇਆ।

2. ਮੈਂ ਆਪਣੇ ਸਤਿਕਾਰਯੋਗ ਦੋਸਤ ਸ. ਬਲਜੀਤ ਸਿੰਘ ਧਾਲੀਵਾਲ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੇ ਸਹਿਯੋਗ ਨਾਲ ਇਨ੍ਹਾਂ ਕਵਿਤਾਵਾਂ ਨੂੰ ਸਰੋਤਿਆਂ ਤੱਕ ਪਹੁੰਚਾਉਣ ਲਈ ਮੇਰੀ ਹਰ ਸੰਭਵ ਤਰੀਕੇ ਨਾਲ ਮਦਦ ਕੀਤੀ।

3. ਮੈਂ ਆਪਣੇ ਸਤਿਕਾਰਯੋਗ ਤਾਇਆ ਜੀ ਦੇ ਸਪੁੱਤਰ ਸ. ਸਤਨਾਮ ਸਿੰਘ ਘੁੰਮਣ ਦਾ ਵੀ ਤਹਿ ਦਿਲੋਂ ਰਿਣੀ ਹਾਂ ਜਿਨ੍ਹਾਂ ਮੇਰੀ ਹਰ ਪੜ੍ਹਾਅ ਤੇ ਖੇਤਰ ਵਿਚ ਅਗਵਾਈ ਕੀਤੀ, ਮੈਨੂੰ ਨੈਤਿਕ ਬਲ ਬਖਸ਼ਿਆ ਤੇ ਮੇਰਾ ਯੋਗ ਪਥ ਪ੍ਰਦਰਸ਼ਨ ਕੀਤਾ।

4. ਭਾਰਤੀ ਸਮਾਜ ਵਿਚ ਔਰਤ (ਧੀ, ਭੈਣ ਤੇ ਪਤਨੀ ਦੇ ਰੂਪ 'ਚ) ਸ਼ਬਦ ਦੇ ਹਕੀਕੀ ਅਰਥਾਂ 'ਚ ਤਪ-ਤਪੱਸਿਆ ਕਰਦੀ ਹੈ। ਮਾਂ-ਭੈਣ ਤੋਂ ਬਾਅਦ ਪਤਨੀ ਦੀ ਭੂਮਿਕਾ ਮਨੁੱਖ ਦੀ ਜ਼ਿੰਦਗੀ 'ਚ ਨਿਰਣਾਇਕ ਹੁੰਦੀ ਹੈ। ਮੇਰੀ ਧਰਮ ਪਤਨੀ ਨੇ ਵੀ ਮੈਨੂੰ ਹਰ ਸੰਭਵ ਸੁੱਖ ਪ੍ਰਦਾਨ ਕਰਨ ਦਾ ਯਤਨ ਕੀਤਾ। ਹੋਰ ਪਰਿਵਾਰਕ ਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਛੁੱਟ ਮੇਰੀ ਕਾਵਿ-ਸਿਰਜਣ ਪ੍ਰਕਿਰਿਆ 'ਚ ਵੀ ਸੁਖਾਵਾਂ ਮਾਹੌਲ ਪ੍ਰਦਾਨ ਕੀਤਾ। ਇਸ ਲਈ ਮੈਂ ਉਸ ਦਾ ਵੀ ਧੰਨਵਾਦ ਕਰਦਾ ਹਾਂ। ਇਸ ਕਾਵਿ-ਸੰਗ੍ਰਹਿ ਨੂੰ ਸਿਰੇ ਚਾੜ੍ਹਨ ਲਈ ਮੇਰੇ ਸਪੁੱਤਰ ਸ. ਪਰਮਜੀਤ ਸਿੰਘ ਘੁੰਮਣ ਐਮ. ਡੀ., ਮਨਿੰਦਰ ਕੌਰ ਘੁੰਮਣ, ਕਿਰਨਬੀਰ ਸਿੰਘ ਔਜਲਾ ਅਤੇ ਸਪੁੱਤਰੀ ਨਵਪ੍ਰੀਤ ਕੌਰ ਮਰਵਾਹਾ ਡੀ. ਪੀ. ਐੱਚ., ਬਰਿੰਜਿੰਦਰ ਸਿੰਘ ਮਰਵਾਹਾ ਵੱਲੋਂ ਕੀਤੀ ਗਈ ਹੌਂਸਲਾ ਅਫ਼ਜਾਈ ਦਾ ਵੀ ਮੈਂ ਤਹਿ-ਦਿਲੋਂ ਧੰਨਵਾਦੀ ਹਾਂ।

5. ਆਪਣੇ ਜਵਾਨੀ ਦੇ ਸਾਥੀ ਪ੍ਰੌੜ ਕਵੀ ਸ੍ਰੀ ਜਸਵੰਤ ਹਾਂਸ ਦਾ ਵੀ

ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਪੁਸਤਕ ਪ੍ਰਕਾਸ਼ਿਤ ਕਰਵਾਉਣ ਤੋਂ ਛੁੱਟ ਕਾਵਿ-ਸਿਰਜਣਾ ਲਈ ਯੋਗ ਅਗਵਾਈ ਕੀਤੀ।

6. ਪੰਜਾਬੀ ਸਹਿਤ ਅਕਾਡਮੀ, ਲੁਧਿਆਣਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਅਨੂਪ ਸਿੰਘ ਦਾ ਵੀ ਧੰਨਵਾਦ ਕਰਨਾ ਬਣਦਾ ਹੈ ਜਿਨ੍ਹਾਂ ਨੇ ਦੋਵਾਂ ਹੀ ਕਾਵਿ ਪੁਸਤਕਾਂ ਦੇ ਮੁੱਖ ਬੰਧ ਲਿਖੇ ਅਤੇ ਸ਼ਬਦ ਸਭਿਆਚਾਰ ਨਾਲ ਜੁੜੇ ਰਹਿਣ ਲਈ ਮਿੱਤਰਾਂ ਵਾਂਗ ਹੱਲਾਸ਼ੇਰੀ ਦਿੱਤੀ।

7. ਲੋਕ ਗੀਤ ਪ੍ਰਕਾਸ਼ਨ ਸਮੂਹ ਦੇ ਸੰਚਾਲਕ ਤੇ ਉੱਘੇ ਵਿਦਵਾਨ ਸ੍ਰੀ ਹਰੀਸ਼ ਜੈਨ ਦਾ ਮੈਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਾਵਿ-ਪੁਸਤਕ ਨੂੰ ਸੀਮਤ ਸਮੇਂ ਵਿਚ ਪ੍ਰਕਾਸ਼ਿਤ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਖ਼ੂਬਸੂਰਤ ਦਿੱਖ ਵੀ ਪ੍ਰਦਾਨ ਕੀਤੀ।

8. ਅੰਤ ਵਿਚ ਮੈਂ ਸਮੁੱਚੇ ਪੰਜਾਬੀ ਭਾਈਚਾਰੇ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਕੋਲੋਂ ਮੈਂ ਬਹੁਤ ਕੁੱਝ ਸਿੱਖ ਕੇ ਇਹ ਕਾਵਿ-ਕਿਤਾਬ ਸਿਰਜਣ ਦੇ ਸਮਰੱਥ ਹੋਇਆਂ ਹਾਂ। ਮੈਨੂੰ ਆਸ ਹੈ ਕਿ ਤੁਸੀਂ ਇਸ ਪੁਸਤਕ ਦੀਆਂ ਘਾਟਾਂ ਕਮਜ਼ੋਰੀਆਂ ਨੂੰ ਨਜ਼ਰ-ਅੰਦਾਜ਼ ਨਾ ਕਰਦਿਆਂ ਮੈਨੂੰ ਭਵਿੱਖ 'ਚ ਉਚਿਤ ਸੁਝਾਅ ਦਿਓਗੇ।

ਹੁੰਗਾਰੇ ਦੀ ਉਡੀਕ 'ਚ
ਧੰਨਵਾਦ ਸਹਿਤ

ਤੁਹਾਡਾ ਸਭ ਦਾ
**ਤਰਸੇਮ ਸਿੰਘ ਘੁੰਮਣ**

# ਕਲਪਨਾ

ਕਿਸੇ ਵੇਲੇ ਹੁੰਦਾ ਸੀ ਜੋ ਘਰ ਮੇਰਾ ਖੰਜਰ ਬਣ ਗਿਆ,
ਖੇਤ ਜੋ ਉਗਲਦੇ ਸੀ ਸੋਨਾ ਕੱਲਾ ਕੱਲਾ ਬੰਜਰ ਬਣ ਗਿਆ।

ਉੱਠ ਗਿਆ ਪਿੰਡ ਸਾਰਾ ਧਰਤੀ ਵਿਰਾਨ ਕੌਤਕ ਰੱਬ ਦਾ,
ਜੋ ਉਹ ਕਰਦਾ ਚੰਗਾ, ਹੋ ਸਕਦਾ ਏਸੇ ਵਿਚ ਭਲਾ ਸਭ ਦਾ।

ਹੈਰਾਨ ਹੋਇਆ ਵੇਖ ਕੇ ਇਮਾਰਤਾਂ ਢਹਿ-ਢੇਰੀ ਹੋ ਗਈਆਂ,
ਚਾਰੇ ਪਾਸਿਉਂ ਪੰਛੀਆਂ ਦੇ ਬੋਲਣ ਦੀਆਂ ਆਵਾਜ਼ਾਂ ਆ ਰਹੀਆਂ।

ਕਦਮ-ਕਦਮ ਤੇ ਰਸਤਾ ਦਿਖਾ ਰਿਹਾ ਇਕ ਯਾਦਾਂ ਦਾ ਪਰਛਾਵਾਂ,
ਸੋਚਾਂ ਵਿਚ ਡੁੱਬਾ ਹੌਲੀ-ਹੌਲੀ ਚੇਤੇ ਕਰਦਾ ਨਾਲ ਮੈਂ ਤੁਰਦਾ ਜਾਵਾਂ।

ਯਾਦਾਂ ਮੇਰੀਆਂ ਮੈਨੂੰ ਛੋਹਣ ਲੱਗੀਆਂ ਇਕ-ਇਕ ਕਰਕੇ ਨੂੰਮਣ,
ਇਹ ਸੀ ਇਕ ਅਨੋਖਾ ਅਨੁਭਵ ਜਿਵੇਂ ਮੱਥਾ ਮੇਰਾ ਉਹ ਚੁੰਮਣ।

ਕੁਦਰਤ ਦਾ ਖੇਲ ਦ੍ਰਿਸ਼ ਇਹ ਵੇਖ ਕੇ ਅੱਖਾਂ ਵਿਚ ਹੰਝੂ ਭਰ ਆਏ,
ਵਕਤ ਬੀਤ ਗਿਆ ਆਪਣੇ ਯਾਦ ਆਏ ਇੱਕੋ ਅੰਮਾ ਦੇ ਸੀ ਜਾਏ।

ਭਾਵੁਕ ਹੋਇਆ ਕੋਸ਼ਿਸ਼ ਕੀਤੀ ਆਪਣੇ ਆਪ 'ਤੇ ਕਾਬੂ ਪਾਉਣ ਦੀ,
ਚਾਹੁੰਦਿਆਂ ਵੀ ਹਿੰਮਤ ਨਾ ਕਰ ਸਕਿਆ ਭਾਵਨਾਵਾਂ ਲੁਕਾਉਣ ਦੀ।

ਪਿਛੋਕੜ ਮੇਰਾ ਮੇਰੇ ਪਿੰਡ ਦੀਆਂ ਯਾਦਾਂ ਬਣ ਕੇ ਰਹਿ ਗਿਆ,
ਹਵਾ ਦਾ ਇਕ ਬੁੱਲ੍ਹਾ ਆਇਆ ਤੁਰਦਾ ਇਹ ਗੱਲ ਕਹਿ ਗਿਆ।

ਇਕਦਮ ਮੇਰੀ ਨੀਂਦ ਖੁੱਲ੍ਹੀ ਅੱਬੜਵਾਹੇ ਉਠ ਕੇ ਬਹਿ ਗਿਆ,
ਮੇਰੀਆਂ ਯਾਦਾਂ ਦਾ ਪਿੰਜਰ ਇਕ ਕਲਪਨਾ ਬਣ ਕੇ ਰਹਿ ਗਿਆ।

# ਰੱਬ ਦੀ ਤਾਲਾਸ਼

ਰੱਬ ਕਿਵੇਂ ਕਿੱਥੇ ਮਿਲਦਾ ਇਹ ਇਕ ਬੁਝਾਰਤ,
ਨੀਲੇ ਭਗਵੇਂ ਕੱਪੜਿਆਂ ਵਿਚ ਕਰਨ ਵਕਾਲਤ।

ਪੁੱਛਾਂ ਆਪਣੇ ਆਪ ਤੋਂ, ਕਿੱਥੇ ਉਹਦਾ ਨਿਵਾਸ?
ਭਗਤਾਂ ਦੀ ਬਾਣੀ ਕਹੇ ਵੱਸਦਾ ਵਿਚ ਹਰ ਸਵਾਸ।

ਨਾ ਲੁਕਿਆ ਗੁਰਦਵਾਰਿਆਂ, ਮੰਦਰਾਂ ਅਤੇ ਮਸੀਤਾਂ,
ਉਹ ਉਹਨਾਂ ਨੂੰ ਮਿਲਦਾ ਸਾਫ਼ ਜਿਨ੍ਹਾਂ ਦੀਆਂ ਨੀਤਾਂ।

ਰੱਬ ਨਹੀਂ ਮਿਲਦਾ ਫੋਟੋਆਂ ਅਤੇ ਤਸਵੀਰਾਂ ਵਿਚੋਂ,
ਅਤੇ ਨਾ ਉਹ ਮਿਲਦਾ ਹੱਥਾਂ ਦੀਆਂ ਲਕੀਰਾਂ ਵਿਚੋਂ।

ਲੱਭਣ ਉੱਤਰ, ਪੂਰਬ, ਦੱਖਣ ਜਾਂ ਪੱਛਮ ਜਾਉ,
ਰੱਬ ਮਿਲਦਾ ਤਾਹੀਉਂ ਆਪਣੇ ਅੰਦਰ ਝਾਤ ਪਾਉ।

ਰੱਬ ਸਰਬ ਵਿਆਪਕ ਕਿਉਂ ਬਾਹਰ ਭਾਲਣ ਜਾਵੇਂ,
ਹੱਥ ਪੱਲੇ ਨਾ ਆਵੇ ਕੁਝ ਬਹੁਤ ਵਗਾਰ ਦੁੱਖ ਪਾਵੇਂ।

ਰੱਬ ਨਾ ਮਿਲੇ ਜੰਗਲਾਂ, ਚੁਰਾਹਿਆਂ ਨਾ ਵਿਚ ਕਿਤਾਬਾਂ,
ਲੱਖ ਵਾਰ ਸਮਾਧੀਆਂ ਲਾ ਲਈਏ ਨਾ ਆਵੇ ਵਿਚ ਖਾਬਾਂ।

ਰੱਬ ਦਿਆ ਬੰਦਿਆ ਮਾਰ ਝਾਤੀ ਅੰਦਰ ਰੱਬ ਤੇਰੇ ਅੰਦਰ,
ਭੁੱਲਿਆ ਫਿਰਦੈਂ ਲੱਭਦੈਂ ਗੁਰਦਵਾਰੇ, ਮਸਜਿਦ, ਮੰਦਰ।

ਨਾ ਰੂਪ ਨਾ ਸਰੂਪ ਉਥੇ ਜਾਵੇ ਜਿਥੇ ਜਾਵੇਂ ਵਾਂਗ ਪਰਛਾਵੇਂ,
ਉੱਚਾ ਦਰ ਬਾਬੇ ਦਾ ਪਾਵੇਂ ਜੇ ਪ੍ਰੀਤ ਉਹਦੇ ਸੰਗ ਲਾਵੇਂ।

ਅੰਦਰ ਵੱਸੇ ਸਭ ਦੇ ਨੇਕ ਕਮਾਈ ਸੱਚਾ ਸੌਦਾ ਉਹਦੇ ਗਹਿਣੇ,
ਸਭ ਨੂੰ ਵੰਡੇ ਮੁਫ਼ਤ ਭੇਦ ਨਾ ਕਰਦਾ ਨਹੀਂ ਵਾਪਸ ਕਰਨੇ ਪੈਣੇ।

# ਕਰੇ ਕਰਾਏ ਆਪੇ

ਕਰੀਏ ਗੱਲ ਰੱਬ ਦੀ ਕਹਿੰਦੇ ਉੱਪਰ ਵਾਲਾ,
ਧਰਤੀ ਉੱਪਰ ਸਭ ਜੀਆਂ ਦਾ ਜੋ ਪ੍ਰਿਤਪਾਲਾ।

ਕੁਝ ਕਹਿੰਦੇ ਆਪਣੀ ਹਾਲਤ ਤੇ ਨੇੜੇ ਆ ਕੇ ਵੇਖ,
ਅਸੀਂ ਵੀ ਤੇਰੇ ਬੰਦੇ, ਕਿਉਂ ਮਾੜੇ ਲਿਖ ਤੇ ਲੇਖ?

ਰੱਬ ਕਿੱਥੇ ਸਭ ਦੀ ਹਾਮੀ ਕਿਉਂ ਨਹੀਂ ਭਰਦਾ,
ਅਮੀਰ ਗ਼ਰੀਬ ਦਾ ਫ਼ਰਕ ਕਿਉਂ ਪੈਦਾ ਕਰਦਾ?

ਕਹਿੰਦੇ ਉਹ ਉੱਪਰ ਬੈਠਾ ਵੇਖ ਰਿਹਾ ਇਹ ਸਭ,
ਸਿਰਫ਼ ਸਾਡੀਆਂ ਅੱਖਾਂ ਨੂੰ ਹੀ ਨਹੀਂ ਰਿਹਾ ਲੱਭ।

ਪਰ ਮੈਨੂੰ ਲੱਗਦਾ ਉੱਪਰ ਵੀ ਉਹ ਹੇਠਾਂ ਵੀ ਉਹ,
ਉਹ ਆਪੇ ਸਭ ਕੁਝ ਵੇਖ ਰਿਹਾ ਪਿੱਛੇ ਹਟ ਖਲੋ।

ਸੱਚ ਕਰੇ ਕਰਾਏ ਆਪੇ ਮਾਨਸ ਨਹੀਂ ਕੁਝ ਹਾਥ,
ਤੇਰਾ ਭਾਣਾ ਮੀਠਾ ਲਾਗੇ ਕਹੋ ਇਹੋ ਸੱਚੀ ਬਾਤ।

ਉਸਦੀ ਛਤਰ-ਛਾਇਆ ਹੇਠ ਚੱਲੇ ਸਾਰਾ ਸੰਸਾਰ,
ਉੱਪਰਵਾਲਾ ਸਭ ਨੂੰ ਬਰਾਬਰ ਕਰੇ ਪਿਆਰ।

ਕੋਈ ਨੰਗਾ, ਕੋਈ ਭੁੱਖਾ ਬੇਹੇ ਟੁੱਕੜ ਨੂੰ ਤਰਸੇ,
ਕੱਖੋਂ ਲੱਖ ਹੋ ਜਾਵੇ ਜਦ ਉਹਦੀ ਰਹਿਮਤ ਬਰਸੇ।

ਉਹਦੇ ਘਰ ਵਿਚ ਦੇਰ ਅੰਧੇਰ ਦੀ ਨਾ ਕੋਈ ਥਾਂ,
ਹੋਵੇ ਨਿਗਾਹ ਸਵੱਲੀ ਭਿਖਾਰੀ ਨੂੰ ਰਾਜਾ ਦਏ ਬਣਾ।

ਮਨੁੱਖ ਦੀਆਂ ਖਾਹਿਸ਼ਾਂ ਕਦੀ ਨਾ ਹੋਈਆਂ ਪੂਰੀਆਂ,
ਸਿਕੰਦਰ ਵਰਗੇ ਬਾਦਸ਼ਾਹ ਤੁਰ ਗਏ ਛੱਡ ਅਧੂਰੀਆਂ।

# ਸਾਂਝੀਵਾਲਤਾ

ਨਾ ਉਹ ਰਹੀਆਂ ਮੰਜੀਆਂ ਨਾ ਪੀੜ੍ਹੀਆਂ,
ਪੱਕੇ ਕੋਠੇ ਪੱਕੀਆਂ ਬਣਾਉਣ ਸੀੜ੍ਹੀਆਂ।

ਨਾ ਰਹੇ ਤਵਾ ਪਰਾਤ ਨਾ ਉਹ ਚੌਂਕੇ ਚੁੱਲੇ,
ਘਰ ਤੰਗ ਤੇ ਵਿਹੜੇ ਨਹੀਂ ਰਹੇ ਖੁਲ੍ਹੇ।

ਗਲੀਆਂ ਵਿਚ ਨਾ ਡੱਠਣ ਚਰਖੇ,
ਸਾਂਝੀਵਾਲਤਾ ਭੁੱਲ ਕੇ ਫਿਰਦੇ ਹਰਖੇ।

ਨਾ ਕੋਈ ਪੂਣੀ ਤੰਦ ਚਰਖੇ 'ਤੇ ਪਾਵੇ,
ਨਾ ਗਲੀਆਂ 'ਚੋਂ ਚਰਖੇ ਦੀ ਘੂਕਰ ਆਵੇ।

ਨਾ ਚਰਖੇ ਤੇ ਸੂਤ, ਨਾ ਹੱਥ ਖੱਡੀ ਲਾਵੇ,
ਨਾ ਖੇਸ ਖੇਸੀਆਂ ਨਾ ਕੋਈ ਦਰੀ ਬੁਣਾਵੇ।

ਦਰੀਆਂ ਦੀ ਥਾਂ ਬੈੱਡ ਸ਼ੀਟਾਂ ਲੈ ਲਈ,
ਸੂਤੀ ਨਵਾਰ ਦੀ ਹੁਣ ਗੱਲ ਹੀ ਗਈ।

ਹਰੇਕ ਘਰ ਦੀ ਉੱਚੀ ਲੱਭਦੀ ਦੀਵਾਰ,
ਨਹੀਂ ਰਿਹਾ ਪਹਿਲਾਂ ਵਾਲਾ ਪਿਆਰ।

ਸਦਭਾਵਨਾ ਵਾਲੀ ਕੋਈ ਗੱਲ ਨਹੀਂ ਰਹੀ,
ਜੀਵਨ ਦੇ ਹਰ ਖੇਤਰ ਵਿਚ ਆਪੋ-ਧਾਪ ਪਈ।

# ਰੱਬ ਕਿੱਥੇ ਵੱਸਦਾ

ਕਿਤਾਬਾਂ ਬਹੁਤ ਪੜ੍ਹੀਆਂ ਮੁਰਸ਼ਦ ਮਿਲ ਨਾ ਸਕਿਆ,
ਜਿਸ ਕਿਤਾਬ ਵਿਚ ਮੁਰਸ਼ਦ ਵੱਸਦਾ ਕਦੀ ਨਾ ਤੱਕਿਆ।

ਮਹਿੰਗੀਆਂ ਖਰੀਦ ਕਿਤਾਬਾਂ ਫਿਰ ਮੁਰਸ਼ਦ ਰਿਹਾ ਤੂੰ ਭਾਲ,
ਉਸ ਕਿਤਾਬ ਦੀ ਕੀਮਤ ਕੋਈ ਨਾ ਦੱਸੇ ਅੱਲਾ ਦਾ ਘਰ ਨਾਲ।

ਪੜੇ ਵੇਦ ਗਰੰਥ ਬਥੇਰੇ ਆਪਣੇ ਆਪ ਨੂੰ ਕਦੀ ਪੜ੍ਹਿਆ ਨਾ,
ਤੀਰਥ ਲੱਭਣ, ਆਪਣੇ ਅੰਦਰ ਦੇ ਦਰਵਾਜ਼ੇ ਕਦੀ ਵੜਿਆ ਨਾ।

ਲੱਭਦਾ ਫਿਰੇਂ ਗੁਰਦਵਾਰੇ, ਮੰਦਰ, ਮਸਜਿਦ ਵਿਚ ਮਸੀਤਾਂ,
ਮੁਰਸ਼ਦ ਤੇਰੇ ਅੰਦਰ ਕਿਉਂ ਲਾਵੇਂ ਬਾਹਰਲਿਆਂ ਨਾਲ ਪ੍ਰੀਤਾਂ?

ਜਦੋਂ ਤੀਰਥ ਅਸਥਾਨਾਂ ਦੀ ਯਾਤਰਾ ਕਰ ਘਰ ਵਾਪਸ ਆਵੇਂ,
ਮੂਰਤੀਆਂ ਅਤੇ ਸ਼ਰਧਾ ਭਰੀਆਂ ਵਸਤਾਂ ਦੀ ਪੰਡ ਬੰਨ੍ਹ ਲਿਆਂਵੇਂ।

ਰੋਜ਼ ਸ਼ੈਤਾਨਾਂ ਨੂੰ ਮੱਥਾ ਟੇਕੇਂ ਹਾਜ਼ਰੀ ਭਰਦਾ ਰਹਿੰਦਾ ਡਰਦਾ,
ਰੋਜ਼-ਮਰ੍ਹਾ ਦੇ ਕੰਮ ਛੱਡ ਸਵੇਰੇ-ਸ਼ਾਮ ਸੱਜਦਾ ਉਹਨਾਂ ਨੂੰ ਕਰਦਾ।

ਖ਼ੁਸ਼ਨਸੀਬ ਸਮਝ ਕੇ ਸ਼ਰਧਾਲੂ ਬਣ ਜਾਵੇਂ ਉਹਨਾਂ ਦੇ ਘਰ ਦਾ,
ਮਾਣ-ਮਰਿਆਦਾ ਰੱਖੇਂ ਰਹਿੰਦਾ ਰੱਬ ਦੇ ਮੁਨਾਰਿਆਂ ਤੋਂ ਡਰਦਾ।

ਅੰਦਰ ਆਪਣੇ ਕਦੀ ਝਾਤ ਨਾ ਮਾਰੀ ਅਸਲੀ ਰੱਬ ਜਿਥੇ ਵੱਸਦਾ,
ਰੱਬ ਦੀ ਕੁਟੀਆ ਤੇਰੇ ਅੰਦਰ ਲੋਕਾਂ ਨੂੰ ਬਾਹਰ ਪਿਆ ਦੱਸਦਾ।

ਭਰਮ-ਭੁਲੇਖੇ ਮੁੱਕ ਜਾਣਗੇ ਅੰਦਰ ਦਾ ਦਰਵਾਜ਼ਾ ਖੁੱਲ੍ਹ ਜਾਊ,
ਮੰਦਰ ਇਹ ਸਰੀਰ ਬਾਹਰ ਜਾਊ ਬਹੁਤ ਵਗਾਰ ਦੁੱਖ ਪਾਊ।

# ਕੇਸ ਸਿੱਖੀ ਦੀ ਮੋਹਰ

ਦਫ਼ਤਰੀ ਮੋਹਰ ਬਿਨਾਂ ਲਿਖਿਆ ਕਾਗ਼ਜ਼ ਅਧੂਰਾ,
ਕੇਸਾਂ ਦੀ ਮੋਹਰ ਤੇ ਦਸਤਾਰ ਬਿਨਾਂ ਸਿੱਖ ਨਾ ਪੂਰਾ।

ਦਾੜ੍ਹੀ ਨਾ ਮੁੱਛਾਂ ਕੇਸ ਨਾ ਹੋਣ ਸੀਸ ਤੇ ਸਿੱਖੀ ਸਰੂਪ ਨਾ,
ਸਿਰ ਤੇ ਨਾ ਜੂੜਾ ਨਾ ਸਜੀ ਦਸਤਾਰ ਸਿੱਖ ਦਾ ਰੂਪ ਨਾ।

ਕੇਸਾਂ ਤੇ ਸੁੰਦਰ ਦਸਤਾਰ ਨਾਲ ਸਿੱਖ ਸਰਦਾਰ ਕਹਾਉਂਦਾ,
ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਹੋਵੇ ਪੂਰਾ ਰੁਤਬਾ ਪਾਉਂਦਾ।

ਕੋਈ ਵਸਤ ਅਧੂਰੀ ਹੋ ਸਕਦੀ ਪਰ ਸਿੱਖ ਅਧੂਰਾ ਨਹੀਂ,
ਪੰਜਾਂ ਕਕਾਰਾਂ ਨੂੰ ਤਿਆਗਣ ਵਾਲਾ ਸਿੱਖ ਪੂਰਾ ਨਹੀਂ।

ਪੰਜਾਂ ਕਕਾਰਾਂ ਵਿਚ ਕੇਸਾਂ ਦਾ ਮਹੱਤਵਪੂਰਨ ਸਥਾਨ,
ਤਾਈਉਂ ਸਿੱਖ ਸਾਰੀ ਦੁਨੀਆਂ ਵਿਚ ਕਹਾਉਂਦਾ ਮਹਾਨ।

ਕਿਸੇ ਵਿਦਵਾਨ ਨੇ ਕਿਹਾ ਸਰੀਰ ਰੱਬ ਦੀ ਬਣਾਈ ਮੂਰਤ,
ਉੱਤਮ ਮਨੁੱਖ ਦੀ ਸਭ ਨਾਲੋਂ ਸ੍ਰੇਸ਼ਟ ਕੇਸਧਾਰੀ ਸੂਰਤ।

ਜਿੰਨੀ ਜ਼ਰੂਰੀ ਮੋਹਰ ਓਨੀ ਹੀ ਜ਼ਰੂਰੀ ਇਸਦੀ ਦੇਖ-ਭਾਲ।
ਕੇਸੀਂ ਇਸ਼ਨਾਨ ਕੰਘੇ ਨਾਲ ਵਾਹ ਕੇਸਾਂ ਦੀ ਕਰੋ ਸੰਭਾਲ।

ਝਾਤ ਮਾਰੀਏ ਕੀ ਰੰਗ ਵਿਖਾਵੇ ਕਲਗੀਧਰ ਦੀ ਕੁਰਬਾਨੀ ਨੇ,
ਸਿੱਖੀ ਲਈ ਸਰਬੰਸ ਵਾਰਿਆ ਸੀਅ ਨਾ ਕੀਤੀ ਪੁੱਤਰਾਂ ਦੇ ਦਾਨੀ ਨੇ।

ਕਲਗੀਧਰ ਦੇ ਸਾਹਿਬਜ਼ਾਦਿਆਂ ਹੱਸ ਹੱਸ ਕੇ ਦਿੱਤਾ ਬਲੀਦਾਨ,
ਕੇਸਾਂ, ਵਿਰਸੇ ਅਤੇ ਧਰਮ ਨੂੰ ਕੋਈ ਆਂਚ ਨਾ ਦਿੱਤੀ ਆਣ।

ਅੰਮ੍ਰਿਤ ਤੇ ਕੇਸਾਂ ਦੀ ਦਾਤ ਨਾਲ ਸਿੰਘ ਕਹਾਵੇ ਗੁਰੂ ਕਾ ਖਾਲਸਾ,
ਮਨੁੱਖਤਾ ਦੀ ਰਾਖੀ ਲਈ ਤੱਤਪਰ ਰਹੇ ਕਦੀ ਨਾ ਕਰੇ ਆਲਸਾ।

ਸਿੱਖ ਦੀ ਸ਼ਾਨ ਉੂੜਾ ਜੂੜਾ ਤਾਂਈਉਂ ਉਹ ਕਹਾਉਂਦਾ ਸੂਰਾ।
ਕੇਸਾਂ ਨਾਲ ਸਜੀ ਦਸਤਾਰ ਸਿੱਖ ਦਾ ਮਾਣ ਸਤਿਕਾਰ।
ਕੇਸ ਸਿੱਖੀ ਦੀ ਮੋਹਰ ਬਿਨ ਕੇਸਾਂ ਸਿੱਖ ਨਹੀਂ, ਕੁਝ ਹੋਰ।

# ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ

ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਮੈਨੂੰ ਤੁਰਨਾ ਪਿਆ,
ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ ਉਹਨੀਂ ਰਾਹੀਂ ਵੇ ਮੈਨੂੰ ਮੁੜਨਾ ਪਿਆ।
ਕਾਗ ਬਨੇਰੇ ਉੱਠੀ ਸਵੇਰੇ, ਭੱਤਾ ਲੈ ਮਾਹੀ ਦਾ ਖੇਤਾਂ ਨੂੰ ਜਾਵਾਂ,
ਪਿੱਛੇ-ਪਿੱਛੇ ਕਾਂ ਕਾਂ ਲਾਈ ਕਾਂਵਾਂ, ਕੀ ਕਹਿੰਦੇ ਸਮਝ ਨਾ ਪਾਵਾਂ।
ਇਹਨਾਂ ਕਾਂਵਾਂ ਸੰਗ ਮੈਨੂੰ ਜੁੜਨਾ ਪਿਆ,
ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਮੈਨੂੰ ............

ਲੰਮੀਆਂ ਰਾਹਾਂ ਗਲ ਵਿਚ ਬਾਹਾਂ ਅੱਧ-ਵਾਟੇ ਆ ਜਾ ਰਾਂਝਣਾ,
ਸਿਰ ਤੋਂ ਪੈਰਾਂ ਤੱਕ ਵਗੇ ਪਸੀਨਾ, ਮੁਸ਼ਕਲ ਹੋ ਜਾਊ ਪਛਾਨਣਾ,
ਦੋਸ਼ ਨਾ ਦੇਵੀਂ ਮੈਨੂੰ ਜੇ ਗੀਂਗਣ ਵਾਹੇ ਰਿੜ੍ਹਨਾ ਪਿਆ,
ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਮੈਨੂੰ ..............

ਜੁੱਤੀ ਭੈੜੀ ਤਰਸ ਨਾ ਖਾਂਦੀ, ਪੈਰਾਂ ਨੂੰ ਵੱਢੀ ਜਾਂਦੀ,
ਉੱਪਰੋ ਧੁੱਪ ਕਹਿਰ ਦੀ ਆਪਣੇ ਜੌਹਰ ਵਿਖਾਂਦੀ,
ਮੈਂ ਕੁਰਲਾਵਾਂ ਕਿਹਨੂੰ ਬੁਲਾਵਾਂ ਸਮਝ ਨਾ ਆਉਂਦੀ,
ਮੈਨੂੰ ਤੇ ਕੁਝ ਫੁਰ ਨਾ ਰਿਹਾ,
ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਮੈਨੂੰ ............

ਥੱਕ ਕੇ ਬਹਿ ਜਾਵਾਂ ਤੁਰਦੀ ਵੇਖਾਂ, ਆਪਣਾ ਪਰਛਾਵਾਂ,
ਚੇਤੇ ਆਉਂਦੇ ਦਿਨ ਖੇਡਦੀ, ਨਾਲ ਸਹੇਲੀਆਂ ਚਾਂਵਾਂ,
ਕਿਉਂ ਮੈਂ ਪੈ ਗਈ ਪੁੱਠੇ ਰਾਹੇ ਜਿੰਦ ਨੂੰ ਸਮਝਾਵਾਂ,
ਪਿਆਰ ਤੇਰੇ ਦਾ ਸਦਕਾ ਜਿੰਦ ਨਿਮਾਣੀ ਨੂੰ ਖੁਰਨਾ ਪਿਆ,
ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਮੈਨੂੰ ਤੁਰਨਾ ਪਿਆ,
ਜਿਨ੍ਹਾਂ ਰਾਹਾਂ ਦੀ ਸਾਰ ਨਾ ਜਾਣਾ ਉਹਨੀਂ ਰਾਹੀਂ ਵੇ ਮੈਨੂੰ ਮੁੜਨਾ ਪਿਆ॥

# ਨਸ਼ੱਈ ਪੰਜਾਬ ਸਾਰਾ

ਕੈਸਾ ਇਹ ਜ਼ਮਾਨਾ ਪੁੱਤਾਂ ਨੂੰ ਨਸ਼ਿਆਂ ਖਾ ਲਿਆ,
ਵੱਡਾ ਹੋਵੇ ਛੋਟਾ ਹੋਵੇ ਹਰ ਇਕ ਨਸ਼ਾ ਲਾ ਲਿਆ।

ਨਸ਼ਿਆਂ ਲਈ ਕੋਈ ਉਚਿਤ ਕਦਮ ਨਾ ਉਠਾਵੇ,
ਨਸ਼ੱਈ ਪੁੱਤ ਨਾ ਆਖੇ ਲੱਗਣ ਕੌਣ ਫਿਰ ਸਮਝਾਵੇ।

ਨਸ਼ਿਆਂ ਜਵਾਨੀ ਖਾਦੀ ਕਿੱਥੋਂ ਇਹ ਬੁਰਾਈ ਆਈ,
ਘਰ-ਘਰ ਚਰਚਾ ਸਰਕਾਰ ਨਾ ਦੇਵੇ ਕੋਈ ਸਫ਼ਾਈ।

ਘਰੋਂ ਗਿਆ ਪੁੱਤ ਸ਼ਾਮ ਨੂੰ ਜੇ ਘਰ ਵਾਪਸ ਨਾ ਆਵੇ,
ਮਾਤਾ-ਪਿਤਾ ਨੂੰ ਇਹੋ ਚਿੰਤਾ ਦਿਨ-ਰਾਤ ਖਾਈ ਜਾਵੇ।

ਮਾਂ ਨੂੰ ਪੁੱਤ ਨਹੀਂ ਭੈਣਾਂ ਨੂੰ ਨਹੀਂ ਮਿਲਨੇ ਵੀਰ ਦੁਬਾਰਾ,
ਕੌਣ ਬੰਨ੍ਹਾਊ ਰੱਖੜੀ ਤੇ ਕੌਣ ਭੈਣ ਦਾ ਬਣੂ ਸਹਾਰਾ।

ਜ਼ੁੰਮੇਵਾਰ ਸਰਕਾਰ ਡਰੱਗ ਦਾ ਧੰਦਾ ਵਧਦਾ ਜਾਵੇ,
ਅਫਸਰ ਨੇਤਾ ਭਾਈਵਾਲ ਹਰ ਕੋਈ ਫਾਇਦਾ ਉਠਾਵੇ।

ਸਰਕਾਰ ਦੀ ਮੱਤ ਮਾਰੀ ਤਾਈਉਂ ਇਸਨੇ ਚੁਪ ਧਾਰੀ,
ਸ਼ਰ੍ਹੇਆਮ ਬਿਨ ਰੋਕ-ਟੋਕ ਫਿਰਦੇ ਨਸ਼ੇ ਦੇ ਵਿਉਪਾਰੀ।

ਗੋਰਖ ਧੰਦੇ ਨੂੰ ਰੋਕਣ ਲਈ ਅੱਖਾਂ ਮੀਟੀ ਬੈਠੀ ਸਰਕਾਰ,
ਡਰੱਗ ਧੰਦੇ ਵਿਚ ਅਫਸਰਾਂ ਤੇ ਲੀਡਰਾਂ ਦਾ ਚੱਲਦਾ ਵਪਾਰ।

ਪਰਵਾਹ ਨਹੀਂ ਕਿਸੇ ਦੀ ਜਵਾਨੀ ਜਾਂ ਦਿਲ ਦਾ ਟੁਕੜਾ ਜਾਵੇ,
ਨਿਸ਼ਾਨਾ ਇੱਕੋ ਗੋਰਖ-ਧੰਦੇ ਤੇ ਕਿਸੇ ਦੀ ਨਜ਼ਰ ਨਾ ਆਵੇ।

ਅਸਲੀ ਮਕਸਦ ਨੂੰ ਛੱਡ ਕੇ ਨਸ਼ਾ ਛੁਡਾਊ ਕੇਂਦਰ ਬਣਾਏ,
ਚੰਗਾ ਹੋਵੇ ਜੇ ਸਰਕਾਰ ਡਰੱਗ ਵਿਕਰੇਤਾ ਨੂੰ ਹੱਥ ਪਾਏ।

# ਸਾਨੂੰ ਮਾਣ

ਸਾਨੂੰ ਮਾਣ ਪੰਜਾਬੀ ਹੋਣ ਦਾ,
ਅਣਖ ਦੀ ਜ਼ਿੰਦਗੀ ਜੀਊਣ ਦਾ,
ਸ਼ਹੀਦਾਂ ਦੀ ਕਤਾਰ 'ਚ ਆਉਣ ਦਾ,
ਸਾਨੂੰ ਮਾਣ ਪੰਜਾਬੀ ਹੋਣ ਦਾ ..........

ਹਿੱਕ ਤਾਣ ਸਾਹਮਣੇ ਖਲੋਣ ਦਾ,
ਨਹੀਂ ਲੁਕ-ਲੁਕ ਕੇ ਰੋਣ ਦਾ,
ਸਾਨੂੰ ਮਾਣ ਪੰਜਾਬੀ ਹੋਣ ਦਾ ..........

ਸੌ ਸਾਲ ਜੂਝਦੀ ਰਹੀ ਗੁਲਾਮੀ,
ਆਜ਼ਾਦੀ ਦੀ ਅਸੀਂ ਲਈ ਸਲਾਮੀ,
ਡਰ ਨਹੀਂ ਮੌਤ ਦਾ ਚੋਲਾ ਪਾਉਣ ਦਾ,
ਸਾਨੂੰ ਮਾਣ ਪੰਜਾਬੀ ਹੋਣ ਦਾ .........

ਖ਼ੂਨ ਪੰਜਾਬੀਆਂ ਦਾ ਡੁੱਲ੍ਹਿਆ ਚੋਖਾ,
ਭੁੱਲਣਾ ਨਹੀਂ ਕਦੀ ਗੋਰਿਆਂ ਦਾ ਧੋਖਾ,
ਸਾਨੂੰ ਨਾ ਸ਼ੌਂਕ ਰਿਆ ਕੋਈ ਸੌਣ ਦਾ,
ਸਾਨੂੰ ਮਾਣ ਪੰਜਾਬੀ ਹੋਣ ਦੀ ........

ਕਈ ਪੰਜਾਬੀ ਯੋਧੇ ਹੋਏ ਸ਼ਹੀਦ,
ਆਜ਼ਾਦੀ ਦੀ ਜੰਗ ਹੋਰਾਂ ਨੂੰ ਰਹੀ ਉਡੀਕ,
ਨਹੀਂ ਕੋਈ ਚਾਅ ਜਵਾਨੀ ਹੰਢਾਉਣ ਦਾ,
ਸਾਨੂੰ ਮਾਣ ਪੰਜਾਬੀ ਹੋਣ ਦਾ .........

ਭਗਤ ਸਿੰਘ ਤੇ ਸਾਥੀ ਫਾਂਸੀ ਚੜ੍ਹ ਗਏ,
ਖੁਸ਼ੀ-ਖੁਸ਼ੀ ਨਾਲ ਮੌਤ ਦੇ ਅੱਗੇ ਖੜ੍ਹ ਗਏ,
ਗਮ ਨਹੀਂ ਰਿਹਾ ਕੋਈ ਪਛਤਾਉਣ ਦਾ,
ਸਾਨੂੰ ਮਾਣ ਪੰਜਾਬੀ ਹੋਣ ਦਾ .........

ਊਧਮ ਸਿੰਘ ਨੇ ਮੌਤ ਨੂੰ ਸੀ ਹੱਥ ਪਾਇਆ,
ਲੰਡਨ ਜਾ ਅਡਵਾਇਰ ਨੂੰ ਮਾਰ-ਮੁਕਾਇਆ,
ਬਦਲਾ ਲਿਆ ਸੀ ਡੁੱਲੇ ਖ਼ੂਨ ਪੰਜਾਬੀਆਂ ਦਾ,
ਹਰਕਤ ਵਿਚ ਆਏ ਕੌਮ ਦੇ ਇਨਕਲਾਬੀਆਂ ਦਾ,
ਸੂਰਮਾ ਬਣ ਹੌਸਲਾ ਕੀਤਾ ਮੌਤ ਨੂੰ ਗਲੇ ਲਾਉਣ ਦਾ,
ਸਾਨੂੰ ਮਾਣ ਪੰਜਾਬੀ ਹੋਣ ਦਾ,
ਅਣਖ ਦੀ ਜ਼ਿੰਦਗੀ ਜੀਊਣ ਦਾ।

# ਰਿਸ਼ਤੇ

ਰਿਸ਼ਤੇ ਵਾਂਗ ਧਾਗਿਆਂ ਕੱਚੇ,
ਰਹਿਣ ਜੁੜੇ ਤਾਂ ਲੱਗਦੇ ਅੱਛੇ।

ਟੁੱਟਦਿਆਂ ਨਾ ਲੱਗਦੇ ਪਲ,
ਨਹੀਂ ਕੋਈ ਫਿਰ ਲੱਭਦਾ ਹੱਲ।

ਦਿਲ ਦੇ ਰਿਸ਼ਤੇ ਹੋਵਣ ਘੱਟ,
ਭਾਰ ਨਾ ਝੱਲਣ ਟੁੱਟ ਜਾਵਣ ਝੱਟ।

ਕੁਝ ਰਿਸ਼ਤੇ ਕੁਦਰਤ ਬਣਾਉਂਦੀ,
ਰਿਸ਼ਤਾ ਬਣਨ 'ਤੇ ਸਮਝ ਆਉਂਦੀ।

ਕੁਦਰਤੀ ਰਿਸ਼ਤੇ ਟੁੱਟਦੇ ਘੱਟ,
ਝੱਲ ਜਾਵਣ ਛੋਟੀ-ਮੋਟੀ ਸੱਟ।

ਦੋ ਰੂਹਾਂ ਦਾ ਮੇਲ ਬਣਾਏ ਰਿਸ਼ਤਾ,
ਇਸ ਮੇਲ ਦੇ ਪਿੱਛੇ ਕੋਈ ਫ਼ਰਿਸ਼ਤਾ।

ਇਹ ਰਿਸ਼ਤਾ ਤੋਰੇ ਕਈ ਰਿਸ਼ਤੇ ਅੱਗੇ,
ਧੀਆਂ-ਪੁੱਤਰਾਂ ਨਾਲ ਪਰਵਾਰ ਲੱਗੇ।

ਰਿਸ਼ਤੇ ਨਾ ਕਦੀ ਬੱਝਣ ਹੱਦਾਂ ਅੰਦਰ,
ਕਰ ਜਾਵਣ ਪਾਰ ਸੱਤ ਸਮੁੰਦਰ।

ਰਿਸ਼ਤੇ ਸਭ ਬਣਾਏ ਉੱਪਰ ਵਾਲਾ,
ਰਿਸ਼ਤਿਆਂ ਦੀ ਉਸ ਕੋਲ ਲੰਮੀ ਮਾਲਾ।

# ਕੱਚੀਆਂ ਕਲੀਆਂ ਨਾ ਤੋੜ

ਅੰਬਿਸਰੀਆ ਮੁੰਡਿਆ ਕੱਚੀਆਂ ਕਲੀਆਂ ਨਾ ਤੋੜ,
ਜੇ ਨਾ ਤੈਨੂੰ ਲੋੜ ਕੱਚੀਆਂ ਕਲੀਆਂ ਨਾ ਤੋੜ।
ਉੱਪਰੋਂ ਦਿੱਸਦਾ ਸੰਗਾਊ ਲੱਗਦਾ ਬੜਾ ਤੂੰ ਸਾਊ,
ਕੁਝ ਤਾਂ ਮੂੰਹੋਂ ਬੋਲ ਆਪਣੇ ਦਿਲ ਦੀ ਘੁੰਡੀ ਖੋਲ੍ਹ,
ਸਾਡੀ ਗੱਲ ਨੂੰ ਵਾਪਸ ਮੋੜ,
ਅੰਬਿਸਰੀਆ ਮੁੰਡਿਆ ਕੱਚੀਆਂ ਕਲੀਆਂ ਨਾ ਤੋੜ
ਜੇ ਨਾ ਤੈਨੂੰ ਲੋੜ ਕੱਚੀਆਂ ..............

ਰੱਖੇਂ ਕੁਝ ਲੁਕਾ ਕੇ ਤੂੰ ਚਿਹਰੇ ਤੋਂ ਸ਼ਰਮਾ ਕੇ,
ਗਮਾਂ ਦੇ ਸਮੁੰਦਰ ਵਿਚ ਨਾ ਡੋਬ ਐਵੇਂ ਤੜਫਾ ਕੇ,
ਸਾਡੇ ਨਾਲ ਵੀ ਕੁਝ ਬੋਲ,
ਅੰਬਿਸਰੀਆ ਮੁੰਡਿਆ ਕੱਚੀਆਂ ਕਲੀਆਂ ਨਾ ਤੋੜ।
ਜੇ ਨਾ ਤੈਨੂੰ ਲੋੜ ਕੱਚੀਆਂ ...............

ਮੁੰਡਾ ਸ਼ਹਿਰੀ ਬਾਬੂ ਮੈਂ ਕੁੜੀ ਹਾਂ ਪੇਂਡੂ ਬੁਲਬੁਲ,
ਤੇਰੀ ਤੱਕਣੀ ਗੈਰ ਨਹੀਂ ਸੂਰਤ ਪੈਂਦੀ ਡੁੱਲ ਡੁੱਲ,
ਸਾਡੇ ਦਿਲ ਵਿਚ ਕਰਦਾਂ ਹੋਲ,
ਅੰਬਿਸਰੀਆ ਮੁੰਡਿਆ ਕੱਚੀਆਂ ਕਲੀਆਂ ਨਾ ਤੋੜ।
ਜੇ ਨਾ ਤੈਨੂੰ ਲੋੜ ਕੱਚੀਆਂ .............

ਭੁੱਲ ਕੇ ਸਭ ਕੁਝ ਆਪਣਾ, ਤੱਕਦੀ ਰਹਾਂ ਤੇਰਾ ਰਾਹ,
ਜਿੰਦ ਹਾਜ਼ਰ ਤੇਰੇ ਲਈ, ਹੋਰ ਨਾ ਕਿਸੇ ਦੀ ਪਰਵਾਹ,
ਏਦਾਂ ਹੋਰ ਨਾ ਸਾਨੂੰ ਨਚੋੜ,
ਅੰਬਿਸਰੀਆ ਮੁੰਡਿਆ ਕੱਚੀਆਂ ਕਲੀਆਂ ਨਾ ਤੋੜ।
ਜੇ ਨਾ ਤੈਨੂੰ ਲੋੜ ਕੱਚੀਆਂ ...............

ਪੇਂਡੂ ਹੁੰਦੇ ਨਹੀਂ ਦਿਲਾਂ ਦੇ ਮਾੜੇ ਵੇਖੀਂ ਤੋੜੀਂ ਨਾ,
ਕਲੀਆਂ ਤੋਂ ਵੱਧ ਕੋਮਲ ਵੇਖ ਮਰੋੜੀਂ ਨਾ,
ਟੁੱਟੇ ਦਿਲ ਨਹੀਂ ਹੋਣੇ ਜੋੜ,
ਅੰਬਿਸਰੀਆ ਮੁੰਡਿਆ ਕੱਚੀਆਂ ਕਲੀਆਂ ਨਾ ਤੋੜ।
ਜੇ ਨਾ ਤੈਨੂੰ ਲੋੜ ਕੱਚੀਆਂ ਕਲੀਆਂ ਨਾ ਤੋੜ।

# ਦੋਸਤਾਂ ਦਾ ਪਿਆਰ

ਵੇਖ ਨਬਜ਼ ਮੇਰੀ ਹਕੀਮ 'ਬਿਮਾਰ' ਲਿਖ ਦਿਤਾ,
ਬਿਮਾਰੀ ਦਾ ਨਾਂ 'ਦੋਸਤਾਂ ਦਾ ਪਿਆਰ' ਲਿਖ ਦਿਤਾ।

ਅੱਲਾਹ ਹਕੀਮ 'ਤੇ ਮਿਹਰ ਕਰੇ ਆਪਣਾ ਰੱਖ ਹਾਥ,
ਬਿਮਾਰੀ ਦਾ ਇਲਾਜ ਲਿਖ ਦਿੱਤਾ 'ਦੋਸਤਾਂ ਦਾ ਸਾਥ'।

ਉਮਰ ਭਰ ਲਈ ਹਕੀਮ ਦਾ ਮੈਂ ਰਹੂੰਗਾ ਕਰਜ਼ਾਈ,
ਸਹੀ ਬਿਮਾਰੀ ਦੱਸ ਕੇ ਸਹੀ ਇਲਾਜ 'ਤੇ ਰੋਸ਼ਨੀ ਪਾਈ।

ਹਕੀਮ ਦੇ ਦੱਸਣ 'ਤੇ ਬਿਮਾਰੀ ਬਹੁਤ ਪੁਰਾਣੀ ਹੋ ਗਈ,
ਦੋਸਤਾਂ ਵਿਚ ਵਿਚਰਨ ਦੀ ਆਦਤ ਸਿਆਣੀ ਹੋ ਗਈ।

ਬਿਮਾਰੀ ਦੇ ਲੱਛਣਾਂ ਨੂੰ ਵੇਖ ਕੇ ਹਕੀਮ ਦਾ ਇਹ ਕਹਿਣਾ,
ਜੀਵਨ ਧਾਰਾ ਬਦਲ ਚੁਕੀ ਇਸ ਨੂੰ ਅੱਗੇ ਤੋਰਦੇ ਰਹਿਣਾ।

ਹਕੀਮ ਨਹੀਂ ਦੱਸਣਗੇ ਬਿਮਾਰੀ ਕਦੀ ਫੜ ਕੇ ਨਬਜ਼,
ਚਿਹਰਾ ਵੇਖ ਕੇ ਦੱਸ ਦੇਣਗੇ ਬਿਨਾਂ ਬੋਲੇ ਕੋਈ ਲਫ਼ਜ਼।

ਹਕੀਮ ਜੀ ਇਸ ਬੀਮਾਰੀ ਦੀ ਕੀ ਹੋ ਸਕਦੀ ਵਜ੍ਹਾ,
ਜਦੋਂ ਵੀ ਇਹ ਆਉਂਦੀ ਮਿਲ ਜਾਂਦੀ ਮੂੰਹ ਮੰਗੀ ਸਜ਼ਾ।

ਮੈਂ ਵਿਸ਼ਵਾਸ ਨਹੀਂ ਕਰਦਾ ਨੀਮ ਹਕੀਮ ਖ਼ਤਰਾ ਜਾਨ,
ਮਰੀਜ਼ ਕਰ ਦੇਣਗੇ ਤੁਹਾਡੀ ਜੱਗ ਵਿਚ ਉੱਚੀ ਸ਼ਾਨ।

# ਦਿਲਾਂ ਦੇ ਰਾਹ

ਕਦੀ ਧੁੱਪ ਵੱਜਦੀ ਕਦੀ ਪੁਰੇ ਦੀ ਹਵਾ,
ਪੇਸ਼ ਨਾ ਜਾਵੇ ਕਦੀ ਬੁੱਲੇ ਰੋਕ ਲੈਣ ਰਾਹ।

ਬੁੱਲਾ ਤੇਰੀ ਖ਼ੁਸ਼ਬੂ ਦਾ ਧੱਕੇ ਪਿਆ ਮਾਰੇ,
ਡਿੱਗਦੀ-ਢਹਿੰਦੀ ਤੁਰੀ ਜਾਵਾਂ ਤੇਰੇ ਸਹਾਰੇ।

ਕੀਤੀ ਕੋਸ਼ਿਸ਼ ਬਥੇਰੀ ਵੇਖਾਂ ਤੇਰਾ ਪਈ ਰਾਹ,
ਕੁਦਰਤ ਬੇਹਾਲ ਸਤਾਈ ਜਾਵੇ ਤੇਰੀ ਚਾਹ।

ਮੁਸ਼ਕਲਾਂ ਦੀ ਪੰਡ ਚੁੱਕੀ ਸਿਰ 'ਤੇ ਤੁਰੀ ਜਾਵਾਂ,
ਸੋਚਣ ਲੱਗੀ ਤਾਂ ਭੁੱਲ ਗਈ ਤੇਰਾ ਸਿਰਨਾਵਾਂ।

ਸੋਚਿਆ ਚੰਗਾ ਹੁੰਦਾ ਦਿਲ ਉੱਪਰ ਲਿਖ ਲੈਂਦੀ,
ਪਛਤਾਵਾ ਨਾ ਹੁੰਦਾ ਜੇ ਫਿਰ ਵੀ ਭੁਲਾ ਬਹਿੰਦੀ।

ਕਦਮ ਅੱਗੇ ਨੂੰ ਰੱਖਾਂ ਕਹਿ ਕੇ 'ਰੱਬ ਦੀਆਂ ਰੱਖਾਂ',
ਤੇਰੀ ਤਸਵੀਰ ਦਿੱਸੇ ਪਰਛਾਵੇਂ ਆਪਣੇ ਵੱਲ ਤੱਕਾਂ।

ਦਿਲਾਂ ਨੂੰ ਦਿਲਾਂ ਦੇ ਰਾਹ ਤੈਨੂੰ ਮਿਲਣੇ ਦੀ ਚਾਹ,
ਦਿਲ ਤੋਂ ਚਾਹੋ ਸੱਜਣ ਨੂੰ ਰੱਬ ਆਪ ਵਿਖਾਵੇ ਰਾਹ।

ਪਤਾ ਨਹੀਂ ਕਦੋਂ ਪੂਰੇ ਹੋ ਜਾਣ ਸਵਾਸਾਂ ਦਾ ਕੀ ਵਸਾਹ,
ਕਸਮ ਖਾਵਾਂ ਤੇਰੇ ਪਿਆਰ ਦੀ ਜੀਵਾਂ ਨਾਲ ਤੇਰੇ ਸਾਹ।

ਮੇਰਾ ਦਰਦ ਵੀ ਤੂੰ ਮੇਰਾ ਚੈਨ ਵੀ ਤੂੰ ਮੇਰਾ ਸਭ ਕੁਝ ਤੂੰ,
ਮੇਰੀ ਇਹ ਖ਼ਾਹਿਸ਼ ਹੈ ਆਖਰੀ ਸਾਹ ਤੇਰੀ ਬਾਂਹਾਂ 'ਚ ਲੂੰ।

ਜੀਅ ਕਰਦਾ ਆਪਣੇ ਹੁਸਨ ਨੂੰ ਕਰ ਦੇਵਾਂ ਅਰਪਨ ਤੇਰੇ,
ਜ਼ਿੰਦਗੀ ਨੂੰ ਤੇਰੇ ਨਾ ਕਰ ਦੇਵਾਂ ਜੋ ਬਾਕੀ ਰਹਿੰਦੇ ਸਾਹ ਮੇਰੇ।
ਤੇਰਾ ਮੇਰਾ ਇਕ ਰਾਸਤਾ ਦੁਨੀਆਂ ਦਾ ਨਹੀਂ ਕੋਈ ਵਾਸਤਾ।

# ਕੱਲ ਨਾਮ ਕਾਲ ਦਾ

ਕੁਝ ਲੋਕ ਐਸੇ ਹੋਤੇ ਜਿਨ ਕੇ ਜਾਨੇ ਪਰ ਲੋਕ ਰੋਤੇ,
ਰੋਨੇ ਵਾਲੇ ਬੇਗਾਨੇ ਨਹੀਂ ਉਹ ਆਪਣੇ ਹੀ ਹੋਤੇ।

ਕੁਝ ਦਿਲ ਸੇ ਰੋਤੇ ਕੁਝ ਰੋਨੇ ਦਾ ਵਿਖਾਵਾ ਕਰਦੇ,
ਕੁਝ ਦੂਜਿਆਂ ਸੰਗ ਰੋਂਦੇ ਕੁਝ ਰੋ ਰੋ ਕੇ ਆਹਾਂ ਭਰਦੇ।

ਰੱਬ ਨਾ ਵਕਤ ਲਿਆਵੇ ਉਮਰਾਂ ਦਾ ਰੋਣਾ ਲੱਗ ਜਾਵੇ,
ਨਾ ਕੋਈ ਕਰੇ ਵਿਖਾਵਾ ਨਾ ਕੋਈ ਐਸੇ ਵੈਣ ਫਿਰ ਪਾਵੇ।

ਦੁਖ-ਸੁਖ ਜ਼ਿੰਦਗੀ ਨਾਲ ਮਾੜਾ ਵਕਤ ਨਾ ਰੱਬ ਵਿਖਾਵੇ,
ਤੁਰਦਿਆਂ-ਫਿਰਦਿਆਂ ਲੰਘ ਜਾਵੇ ਉਮਰਾਂ ਦਾ ਰੋਣ ਨਾ ਲਾਵੇ।

ਮਨੁੱਖੀ ਜਾਮਾ ਦਾਤ ਅਮੋਲਕ ਮੁੜ ਪਰਤ ਕੇ ਆਉਣਾ ਨਹੀਂ,
ਨਹੀਂ ਪਰਤ ਕੇ ਦੇਖਣਾ ਫਿਰ ਦੁੱਖ ਵੀ ਕਿਸੇ ਵੰਡਾਉਣਾ ਨਹੀਂ।

ਆਉਣ ਵਾਲੇ ਕੱਲ੍ਹ ਦਾ ਪਤਾ ਨਹੀਂ ਆਉਣਾ ਕਿ ਨਹੀਂ ਆਉਣਾ,
ਕੱਲ੍ਹ ਨਾਮ ਕਾਲ ਦਾ ਮੌਤ ਨਿਗਲ ਗਈ ਫਿਰ ਹੱਥ ਨਹੀਂ ਆਉਣਾ।

ਲੱਖ ਚੌਰਾਸੀ ਜੂਨ ਮਨੁੱਖੀ ਜਾਮਾ ਉਤਮ ਬਾਕੀ ਸਭ ਆਵਾਗੌਣ,
ਆਸ ਨਾਲ ਜਹਾਨ ਜਿਸ ਦੀ ਨਹੀਂ ਕੋਈ ਆਸ ਬਣੇ ਸਹਾਰਾ ਕੌਣ!

# ਤਲਾਕ ਇਕ ਸਰਾਪ

ਪੱਛਮੀ ਮੁਲਕਾਂ ਵਿਚ ਪ੍ਰਥਾ ਬੜੀ ਪ੍ਰਚਲਤ,
ਭਾਰਤ ਮੁਲਕ ਜਿਥੇ ਇਸ ਨੂੰ ਕਹਿੰਦੇ ਗ਼ਲਤ।

ਪੱਛਮੀ ਮੁਲਕਾਂ ਵਾਂਗਰ ਏਥੇ ਵੀ ਰੰਗ ਫੜਦੀ ਜਾਵੇ,
ਬੰਦਾ ਸੋਚਦਾ, ਹੁੰਦਾ ਉਹੀ ਜੋ ਪਰਮਾਤਮਾ ਨੂੰ ਭਾਵੇ।

ਤਲਾਕ ਕਰ ਦਿੰਦਾ ਮਾਂ-ਬਾਪ ਦਾ ਰਿਸ਼ਤਾ ਹਲਾਕ,
ਧੀਆਂ-ਪੁੱਤਰਾਂ ਲਈ ਨਹੀਂ ਹੁੰਦਾ ਮਾਂ-ਬਾਪ ਦਾ ਤਲਾਕ।

ਜੀਵਨ ਵਿਚ ਉਤਰਾਅ-ਚੜ੍ਹਾਅ ਨਵੇਂ ਰਿਸ਼ਤੇ ਬਣਾਉਂਦੇ,
ਤਲਾਕ ਰਿਸ਼ਤਾ ਜਿਸ ਨੂੰ ਤਲਾਕਸ਼ੁਦਾ ਬੁਲਾਉਂਦੇ।

ਮਾਂ-ਬਾਪ ਹਜ਼ਾਰਾਂ 'ਚ ਏਕ ਇਹ ਰਿਸ਼ਤਾ ਬਣਾ ਕੇ ਦੇਖ,
ਅਲੱਗ ਹੋਣਾ ਬੱਚਿਆਂ ਦੇ ਦਰਸਾਉਂਦੇ ਮਾੜੇ ਲੇਖ।

ਰੱਬਾ ਘਰ ਲੜਾਈ ਪਾਵੀਂ ਨਾ ਤਲਾਕ ਕਰਾਵੀਂ ਨਾ।
ਕੁਦਰਤ ਨਾ ਮਿਹਰਬਾਨ, ਵੱਸਦੇ ਘਰ ਕਰ ਦੇਵੇ ਪਰੇਸ਼ਾਨ।

ਰਿਸ਼ਤਾ ਅਜੀਬ, ਨਹੀਂ ਰਹਿਣ ਦਿੰਦਾ ਇਹਨਾਂ ਨੂੰ ਕਰੀਬ।
ਮਾਂ-ਬਾਪ ਦਾ ਰਿਸ਼ਤਾ ਰੱਖੇ ਧੀਆਂ-ਪੁੱਤਰਾਂ ਦੇ ਕਰੀਬ।
ਦੋਵੇਂ ਬੱਚਿਆਂ ਦੇ ਮਾਂ-ਬਾਪ, ਤਲਾਕ ਉਹਨਾਂ ਲਈ ਸਾਰਾਪ।

# ਰਾਹ ਦੇ ਕੰਡੇ

ਕਰ ਦੇਣ ਮੁਸ਼ਕਿਲ ਮੰਜ਼ਲ 'ਤੇ ਪਹੁੰਚਣਾ ਕੰਡੇ ਰਾਹ ਦੇ,
ਹਿੰਮਤ ਨਹੀਂ ਹਾਰੀ ਸਾਹ ਨਹੀਂ ਰਲਦਾ ਨਾਲ ਸਾਹ ਦੇ।

ਦਿਲ ਨੇ ਸੁਣੀ ਦਿਲ ਦੀ ਆਵਾਜ਼ ਅੱਗੇ ਗਈ ਵਧਦੀ,
ਇਹੋ ਕੁਝ ਹੁੰਦਾ ਜਦ ਰੂਹ ਸੱਜਣ ਨੂੰ ਮਿਲਣ ਨੂੰ ਕਰਦੀ।

ਕੀ ਇਹ ਕੰਡੇ ਸਬਕ ਸਿਖਾਉਂਦੇ ਭੁੱਲਿਆਂ ਨੂੰ ਰਾਹੇ ਪਾਉਂਦੇ,
ਬਿਨ ਕੰਡਿਆਂ ਸਭ ਰਾਹ ਸੁਖਾਲੇ ਰਾਹਾਂ ਤੋਂ ਭਟਕਾਉਂਦੇ।

ਕੀ ਪਹੁੰਚਣਾ ਆਪਣੀ ਮੰਜ਼ਲ 'ਤੇ ਰਾਹਾਂ ਵਿਚ ਜੋ ਭਟਕਦੇ,
ਕੰਡਿਆਂ ਦੇ ਨਾਲ ਜੂਝਣ ਵਾਲੇ ਰਾਹਾਂ ਵਿਚ ਨਹੀਂ ਲਟਕਦੇ।

ਇਹ ਜੀਵਨ ਕੰਡਿਆਲੀ ਥੋਹ੍ਰ ਇਸ ਨੂੰ ਸਮਝਣ ਦੀ ਲੋੜ,
ਛੱਡ ਜਾਣ ਅਧਵਾਟੇ ਬਿਨ ਸੱਜਣਾਂ ਨਹੀਂ ਕੋਈ ਬਣਦਾ ਹੋਰ।

ਪਹੁੰਚਣਾ ਤੇਰੇ ਦਰ 'ਤੇ ਭਾਵੇਂ ਜ਼ਿੰਦਗੀ ਦਾਅ ਤੇ ਲੱਗ ਜਾਵੇ,
ਤੇਰੇ ਬਿਨਾਂ ਇਹ ਵਿਹੜਾ ਸੁੰਞਾ ਸਾਡੇ ਰਾਸ ਨਾ ਆਵੇ।

ਤੂੰ ਸਾਨੂੰ ਯਾਦ ਕਰੇਂ ਨਾ ਕਰੇਂ ਅਸੀਂ ਨਹੀਂ ਦਿਲੋਂ ਭੁਲਾਇਆ,
ਜਾਨਣਾ ਬਾਕੀ, ਸਾਨੂੰ ਕਦੀ ਚਾਹਿਆ ਕਿ ਨਹੀਂ ਚਾਹਿਆ?

ਪਿਆਰ ਦੀ ਗੰਢ ਦਿੱਤੀ ਆਪੇ, ਆਪੇ ਖੋਲ੍ਹਣੀ ਪਈ,
ਸੱਤਾਂ ਜਨਮਾਂ ਤਕ ਉਡੀਕ ਕਰੂੰਗੀ ਜੇ ਜ਼ਿੰਦਗੀ ਰਹੀ।

# ਨੀ ਕੁੜੀਏ !

ਉੱਠ ਨੀ ਕੁੜੀਏ, ਬਹਿ ਨੀ ਕੁੜੀਏ,
ਮਨ ਆਪਣੇ ਨੂੰ ਕਹਿ ਨੀ ਕੁੜੀਏ,
ਇਲਤਾਂ ਨਾ ਕਰਿਆ ਕਰੇ,
ਮਨ ਲਾ ਕੇ ਪੜ੍ਹਿਆ ਕਰੇ।

ਆ ਨੀ ਕੁੜੀਏ, ਜਾ ਨੀ ਕੁੜੀਏ,
ਸੋਚ-ਸਮਝ ਕੇ ਪੈਰ ਧਰਿਆ ਕਰ,
ਹੁਸਨ ਜਵਾਨੀ ਸਦਾ ਨਹੀਂ ਰਹਿੰਦੇ,
ਕੁਝ ਸੋਚ-ਵਿਚਾਰ ਕਰਿਆ ਕਰ।

ਆ ਨੀ ਕੁੜੀਏ, ਜਾ ਨੀ ਕੁੜੀਏ,
ਮਾਂ ਤੇਰੀ ਤੈਨੂੰ ਪਈ ਸਮਝਾਵੇ,
ਤੇਰੀ ਸਮਝ ਵਿਚ ਕਿਉਂ ਨਾ ਆਵੇ?

ਆ ਨੀ ਕੁੜੀਏ, ਜਾ ਨੀ ਕੁੜੀਏ
ਨਿੱਤ ਸਵੇਰੇ ਝਿੜਕਾਂ ਖਾਂਦੀ,
ਤੇਰੀ ਬੁੱਧ ਭ੍ਰਿਸ਼ਟੀ ਜਾਂਦੀ।

ਆ ਨੀ ਕੁੜੀਏ, ਜਾ ਨੀ ਕੁੜੀਏ,
ਵੱਡਿਆਂ ਤੋਂ ਸ਼ਰਮ ਖਾਹ,
ਮਨ ਆਪਣੇ ਨੂੰ ਸਮਝਾ।

ਆ ਨੀ ਕੁੜੀਏ, ਜਾ ਨੀ ਕੁੜੀਏ,
ਫਾਲਤੂ ਵਕਤ ਨਾ ਜ਼ਾਇਆ ਕਰ,
ਕੰਮ ਵਿਚ ਹੱਥ ਵਟਾਇਆ ਕਰ।

ਆ ਨੀ ਕੁੜੀਏ, ਜਾ ਨੀ ਕੁੜੀਏ,
ਮਾਂ-ਪਿਉ ਦੀ ਸ਼ਰਮ ਕਰ,
ਉਹਨਾਂ ਨਾਲ ਵਤੀਰਾ ਨਰਮ ਕਰ।

ਆ ਨੀ ਕੁੜੀਏ, ਜਾ ਨੀ ਕੁੜੀਏ,
ਮਾਤਾ-ਪਿਤਾ ਦਾ ਕਰ ਖਿਆਲ,
ਜੋ ਜੀਉਂਦੇ ਤੇਰੇ ਸਾਹ ਦੇ ਨਾਲ।

# ਸਿੱਖੀ ਦਾ ਬੂਟਾ

ਸਿੱਖ ਧਰਮ ਦੇ ਬਾਨੀ ਦਿੱਤੀ ਕੌਮ ਲਈ ਕੁਰਬਾਨੀ,
ਹਿੰਦੂ ਧਰਮ ਬਚਾਇਆ ਸਿੱਖੀ ਦਾ ਬੂਟਾ ਲਾਇਆ।

ਮੁਗ਼ਲ ਹਕੂਮਤ ਦੀਆਂ ਆਸਾਂ 'ਤੇ ਫੇਰਿਆ ਪਾਣੀ,
ਮਨੁੱਖਤਾ ਦੇ ਬਾਨੀ ਪਹਿਲਾਂ ਦਿੱਤੀ ਪਿਤਾ ਦੀ ਕੁਰਬਾਨੀ।

ਫਿਰ ਵੱਡੇ ਲਾਲਾਂ ਨੂੰ ਜੰਗ 'ਚ ਸ਼ਹੀਦ ਕਰਵਾਇਆ,
ਫਿਰ ਵੀ ਕਲਗੀਧਰ ਰਤਾ ਨਹੀਂ ਘਬਰਾਇਆ।

ਲਾਲਾਂ ਨੂੰ ਮੁਗ਼ਲ ਨਵਾਬ ਨੇ ਬਹੁਤ ਧਮਕਾਇਆ,
ਦੋਵਾਂ ਛੋਟੇ ਲਾਲਾਂ ਨੂੰ ਗਿਆ ਨੀਹਾਂ ਵਿਚ ਚਿਣਾਇਆ।

ਮੁਗ਼ਲ ਨਵਾਬ ਦੇ ਹੁਕਮ ਅਨੁਸਾਰ ਕੰਧ ਉੱਪਰ ਜਾਵੇ,
ਗੁਰੂ ਦੇ ਲਾਲਾਂ ਦੇ ਚਿਹਰਿਆਂ ਦਾ ਨੂਰ ਵਧਦਾ ਜਾਵੇ।

ਸਿੱਖੀ ਦਾ ਇਤਿਹਾਸ ਅਨੋਖਾ ਨਹੀਂ ਮਿਲਦੀ ਕਿਤੇ ਮਿਸਾਲ,
ਚੜ੍ਹਦੀ ਕਲਾ ਸ਼ਹੀਦਾਂ ਦੀ ਯਾਦ ਕਰ ਲੈਂਦੇ ਹਰ ਸਾਲ।

ਧੰਨ ਪੰਜਵੇਂ ਪਾਤਸ਼ਾਹ ਜਿਨ੍ਹਾਂ ਤੱਤੀਆਂ ਤਵੀਆਂ ਤੇ ਬਿਠਾਇਆ,
ਉਹ ਵੀ ਘੱਟ ਨਾ ਜਿਨ੍ਹਾਂ ਨੂੰ ਆਰਿਆਂ ਨਾਲ ਚਰਾਇਆ।

ਸਿੱਖ ਇਤਿਹਾਸ ਗਵਾਹ ਹੈ ਸਿੱਖੀ ਦਾ ਬੂਟਾ ਲਾ ਗਿਆ,
ਬੂਟੇ ਦੀ ਪਰਵਿਸ਼ ਦੀ ਵਾਗਡੋਰ ਕੌਮ ਦੇ ਹੱਥ ਫੜਾ ਗਿਆ।

ਸਿੱਖ ਕੌਮ ਅਣਖ ਵਾਲੀ ਯਾਦ ਰੱਖੂ ਇਹਨਾਂ ਕੁਰਬਾਨੀਆਂ ਨੂੰ,
ਸਦਾ ਕਰਦੀ ਰਹੂ ਸਲਾਮ ਧਰਮ ਦੇ ਇਹਨਾਂ ਬਾਨੀਆਂ ਨੂੰ।

# ਕੁਦਰਤ ਦੇ ਬੰਦੇ

ਅਵਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ,
ਏਕ ਨੂਰ ਸੇ ਸਭ ਜੱਗ ਉਪਜਿਆ ਕੌਣ ਭਲੇ ਕੌਣ ਮੰਦੇ?

ਮਨੁੱਖ ਦੇ ਊਚ-ਨੀਚ ਦਾ ਭੇਦ-ਭਾਵ ਨਾ ਰੱਬ ਬਣਾਇਆ,
ਇਹਨਾਂ ਗੱਲਾਂ ਤੋਂ ਉੱਪਰ ਉੱਠ ਇਹ ਸੰਸਾਰ ਵਸਾਇਆ।

ਜਾਤ-ਪਾਤ ਅਤੇ ਊਚ-ਨੀਚ ਦੇ ਆਧਾਰ 'ਤੇ ਜੋ ਪਾਵਣ ਵੰਡ,
ਕੁਦਰਤ ਦੇ ਬਣਾਏ ਅਸੂਲ ਜੋ ਤੋੜਨ ਉਹ ਨੇ ਕਾਬਲੇ-ਦੰਡ।

ਕੁਦਰਤ ਦੀ ਰਚਨਾ ਦੋ ਪ੍ਰਾਣੀ ਇਕ ਔਰਤ ਤੇ ਇਕ ਮਰਦ,
ਸੰਸਾਰ ਨੂੰ ਅੱਗੇ ਤੋਰਨ ਲਈ ਵੰਡਾਵਣ ਆਪਣੇ ਦੁੱਖ ਦਰਦ।

ਕੁਦਰਤ ਦੇ ਸਭ ਬੰਦੇ, ਬੰਦਾ ਬੰਦੇ ਨੂੰ ਨਫ਼ਰਤ ਕਿਉਂ ਕਰੇ?
ਇਹ ਨਹੀਂ ਸਬਕ ਸਿਖਾਇਆ ਜਾਂਦਾ ਪਰਮਾਤਮਾ ਦੇ ਘਰੇ।

ਆਪਸੀ ਵਿਤਕਰੇ ਮਨੁੱਖ ਨੂੰ ਇਕ ਦੂਜੇ ਤੋਂ ਰੱਖਣ ਦੂਰ,
ਆਪਸੀ ਸਾਂਝ ਦੇ ਬੂਟਿਆਂ ਨੂੰ ਲੱਗਣ ਨਹੀਂ ਦਿੰਦੇ ਬੂਰ।

ਮਨੁੱਖੀ ਸਮਾਜ ਅਨੇਕਾਂ ਸ਼੍ਰੇਣੀਆਂ ਵਿਚ ਪਿਆ ਵੰਡਿਆ,
ਗੁਰੂਆਂ ਪੀਰਾਂ ਨੇ ਸਮੇਂ-ਸਮੇਂ ਸਿਰ ਇਸ ਵੰਡ ਨੂੰ ਖੰਡਿਆ।

ਮਨੁੱਖ ਕੋਈ ਗੋਰਾ ਕਾਲਾ, ਉੱਚਾ ਨੀਵਾਂ ਜਾਂ ਕੋਈ ਹੋਰ,
ਇਹਨਾਂ ਸਭ ਜੀਵਾਂ 'ਤੇ ਲੱਗੀ ਹੋਈ ਉੱਪਰ ਵਾਲੇ ਦੀ ਮੋਹਰ।

ਕੋਈ ਧਰਮ ਨਾ ਕਿਸੇ ਨੂੰ ਊਚ-ਨੀਚ ਦਾ ਪਾਠ ਪੜ੍ਹਾਵੇ,
ਕਿਉਂ ਸਾਡੇ ਵਿਚ ਜਾਤ-ਪਾਤ ਦਾ ਪਾੜਾ ਵਧਦਾ ਜਾਵੇ?

ਆਉ ਪ੍ਰਣ ਕਰ ਲਈਏ ਮਜ਼੍ਹਬੀ ਜੰਗ ਖ਼ਤਮ ਕਰਨ ਦਾ,
ਨਹੀਂ ਤਾਂ ਫਾਇਦਾ ਨਾ ਕੋਈ ਧਰਮ ਗ੍ਰੰਥ ਪੜ੍ਹਨ ਦਾ।

# ਨੂੰਹ-ਸੱਸ ਦਾ ਰਿਸ਼ਤਾ

ਜੋ ਨੂੰਹ ਉਹ ਧੀ ਵੀ ਜੋ ਸੱਸ ਉਹ ਕਿਸੇ ਦੀ ਮਾਂ,
ਰਿਸ਼ਤਾ ਬਣਨ 'ਤੇ ਦੋਹਾਂ ਦਾ ਬਦਲ ਜਾਵੇ ਨਾਂ,
ਦੋਵੇਂ ਮਾਂ-ਧੀ ਸਮਝ ਲੈਣ ਸਮਾਜ ਵਿਚ ਆਪਣੀ ਥਾਂ।

ਸੱਸ ਮਾਂ ਤੇ ਧੀ ਹੋਵੇਗੀ ਨੂੰਹ ਪੂਰਾ ਹੋਊ ਸਤਿਕਾਰ,
ਨੂੰਹ-ਸੱਸ ਦਾ ਫਿਰ ਆਪਸ ਵਿਚ ਵਧੂ ਪਿਆਰ।

ਜਦ ਨੂੰਹ 'ਤੇ ਪਾਇਆ ਤੇਲ ਧੀ ਕਿਸੇ ਦੀ ਜਲ ਗਈ,
ਨੂੰਹ-ਸੱਸ ਦੀ ਬਣਦੀ ਨਹੀਂ ਝੱਟਪੱਟ ਫੈਲ ਗੱਲ ਗਈ।

ਲੋਕਾਂ ਦਾ ਮੂੰਹ ਕਿਵੇਂ ਰੋਕੋ ਭਾਂਤ-ਭਾਂਤ ਦੀਆਂ ਕਰਦੇ ਗੱਲਾਂ,
ਵਧਾ-ਘਟਾ ਕੇ ਬੋਲਣ ਲੋਕੀਂ ਜਿਉਂ ਪਾਣੀ ਦੀਆਂ ਛੱਲਾਂ।

ਨਹੁੰਆਂ ਨਾਲੋਂ ਮਾਸ ਨਹੀਂ ਟੁੱਟਦਾ ਕਹਿੰਦੇ ਲੋਕ ਸਿਆਣੇ,
ਰਿਸ਼ਤੇ ਨੂੰ ਜੋ ਸਮਝਣ ਸੱਸ ਖਿਡਾਊ ਨੂੰਹ ਦੇ ਨਿਆਣੇ।

ਸੱਸ-ਨੂੰਹ ਦਾ ਰਿਸ਼ਤਾ ਮਾਂ-ਧੀ ਦਾ ਰਿਸ਼ਤਾ ਬਣ ਜਾਊ,
ਨੂੰਹ ਸੱਸ ਦੀ ਕਦਰ ਕਰੂ ਸੱਸ ਨਾ ਨੂੰਹ ਨੂੰ ਕਦੀ ਜਲਾਊ।

# ਕੁਦਰਤ ਵੱਲੋਂ

ਸੋਨੇ ਦੇ ਸੁਨਹਿਰੀ ਪੱਤਰਾਂ 'ਚੋਂ ਖ਼ੁਸ਼ਬੂ ਆ ਨਹੀਂ ਸਕਦੀ,
ਟਾਹਣੀ ਨਾਲੋਂ ਟੁੱਟੇ ਗੁਲਾਬ ਦੀ ਖ਼ੁਸ਼ਬੂ ਜਾ ਨਹੀਂ ਸਕਦੀ।

ਕਿਸਮਤ ਤੇ ਆਪੋ ਆਪਣੀ ਨਹੀਂ ਕਿਸਮਤ ਦਾ ਕੋਈ ਕਸੂਰ,
ਕਿਸਮਤ ਨੂੰ ਕੋਸਣ ਤੋਂ ਪਹਿਲਾਂ ਅੰਦਰ ਝਾਤ ਮਾਰੋ ਜ਼ਰੂਰ।

ਜ਼ਿਮੀਂ-ਆਸਮਾਨ ਦਾ ਫਾਸਲਾ ਮਿਟਾਇਆ ਨਹੀਂ ਜਾ ਸਕਦਾ,
ਕੋਸ਼ਿਸ਼ ਕਰਨ 'ਤੇ ਵੀ ਇਸ ਨੂੰ ਘਟਾਇਆ ਨਹੀਂ ਜਾ ਸਕਦਾ।

ਵਕਤ ਆ ਜਾਣ 'ਤੇ ਇਸ ਸਰੀਰ ਨੂੰ ਪਾਲਿਆ ਨਹੀਂ ਜਾ ਸਕਦਾ,
ਮੌਤ ਨੂੰ ਅਟੱਲ ਸੌ ਦਵਾ-ਦਾਰੂ ਕਰੀਏ ਟਾਲਿਆ ਨਹੀਂ ਜਾ ਸਕਦਾ।

ਸਮੁੰਦਰਾਂ ਦੀਆਂ ਲਹਿਰਾਂ ਨੂੰ ਰੁਕਾਇਆ ਨਹੀਂ ਜਾ ਸਕਦਾ,
ਗਮਾਂ ਵਿਚ ਡੁੱਬਿਆਂ ਨੂੰ ਕਦੀ ਹਸਾਇਆ ਨਹੀਂ ਜਾ ਸਕਦਾ।

ਦੂਰੀਆਂ ਨੂੰ ਛੱਡ ਕੇ, ਬਣਨ ਵਾਲੇ ਤਾਂ ਆਪਣੇ ਬਣ ਹੀ ਜਾਂਦੇ,
ਜ਼ਬਰਦਸਤੀ ਨਾਲ ਕਿਸੇ ਨੂੰ ਬਣਾਇਆ ਨਹੀਂ ਜਾ ਸਕਦਾ।

ਦਿਲ ਦਾ ਜ਼ਖ਼ਮ ਅਤੇ ਦਰਦ ਛੁਪਾਇਆ ਨਹੀਂ ਜਾ ਸਕਦਾ,
ਅੰਦਰੋਂ ਰੋਂਦੇ ਹੋਵੋ ਬਾਹਰੋਂ ਮੁਸਕਰਾਇਆ ਨਹੀਂ ਜਾ ਸਕਦਾ।

ਸਮੁੰਦਰ ਦੀਆਂ ਗਹਿਰਾਈਆਂ ਨੂੰ ਮਾਪਿਆ ਨਹੀਂ ਜਾ ਸਕਦਾ,
ਸ਼ੇਰ ਦਾ ਬੱਚਾ ਸ਼ੇਰ ਹੋਰ ਕਿਸੇ ਨੂੰ ਥਾਪਿਆ ਨਹੀਂ ਜਾ ਸਕਦਾ।

ਬੀਤਿਆ ਦਿਨ ਬਹੁੜ ਨਾ ਆਏ ਸੂਰਜ ਚਾਂਦ ਇਹੋ ਦਰਸਾਏ,
ਅੱਜ ਦਾ ਕੰਮ ਕੱਲ੍ਹ 'ਤੇ ਨਾ ਛੱਡੋ, ਕੀ ਪਤਾ ਕੱਲ੍ਹ ਆਏ ਨਾ ਆਏ!

# ਇਕ ਸਪਨਾ

ਸੁਪਨੇ 'ਚ ਵੇਖੀ ਤਸਵੀਰ ਦਿਲਦਾਰ ਦੀ,
ਹੱਥ ਵਿਚ ਦਿੱਸਦੀ ਨਿਸ਼ਾਨੀ ਪਿਆਰ ਦੀ।

ਸੋਚਦੀ ਆਂ ਜੇ ਦੱਸਦੀ ਤਾਂ ਭੇਦ ਖੁੱਲ੍ਹ ਜਾਊ,
ਦਿਲ 'ਚ ਲੁਕਾਈ ਬੈਠੀ ਬਣੀ ਪਈ ਸੰਗਾਊ।

ਇਕੱਠੀਆਂ ਕਰ ਸਹੇਲੀਆਂ ਰਹੀ ਸ਼ਰਮਾ,
ਪੁੱਛਣ ਲੱਗੀਆਂ ਸਾਰੀਆਂ, ਕੀ ਰਹੀ ਲੁਕਾ?

ਆਉ ਨੀ ਰਲ ਬੈਠੋ ਦਿਲ ਦੀ ਗੱਲ ਸੁਣਾਵਾਂ,
ਦਿਲ ਨਾ ਭੈੜਾ ਸਮਝੇ, ਕਿਵੇਂ ਮੈਂ ਸਮਝਾਵਾਂ?

ਅੱਧੀ ਰਾਤ-ਸਰਹਾਣੇ ਫਰਿਸ਼ਤਾ ਆ ਬਹਿ ਗਿਆ,
ਅੱਬੜਵਾਹੇ ਉਠੀ ਸੌਣਾ ਬਾਕੀ ਰਹਿ ਗਿਆ।

ਵੇਖਾਂ, ਮੇਰੇ ਵੱਲ ਤੱਕੀ ਜਾਵੇ ਇਕ ਪਰਛਾਵਾਂ,
ਕੁਝ ਨਾ ਬੋਲੇ, ਮੈਂ ਨੀਵੀਂ ਪਾ ਸ਼ਰਮਾਈ ਜਾਵਾਂ।

ਪਿਆਰ ਉਹਦੇ ਦਾ ਦਰਦ ਨਾੜੀ ਨਾੜੀ ਟੋਹ ਗਿਆ,
ਸਹੁੰ ਰੱਬ ਦੀ ਪਿਆਰ ਨਹੀਂ ਕੀਤਾ ਆਪੇ ਹੋ ਗਿਆ।

ਹੱਸਣ ਲੱਗੀਆਂ ਜਦ ਨਾਲ ਸਹੇਲੀਆਂ ਗੱਲ ਤੋਰੀ,
ਸੁਪਨੇ ਵੀ ਕਦੀ ਸੱਚ ਹੋਏ? ਕਹਿ ਗੱਲ ਮੇਰੀ ਮੋੜੀ।

# ਪੁੱਤ ਪਰਦੇਸੀ

ਮਿੱਟੀ ਵਤਨਾਂ ਦੀ ਖਿਲਾਰੇ ਮਹਿਕ ਪਈ ਪੁਕਾਰਦੀ,
ਛੱਡ ਕੇ ਨਾ ਜਾਵੀਂ ਮੈਨੂੰ ਹੱਸ-ਹੱਸ ਕੇ ਵਾਜਾਂ ਮਾਰਦੀ।

ਆਪਣੇ ਵਤਨਾਂ ਨੂੰ ਛੱਡ ਚੱਲਿਆਂ ਛੇਤੀ ਫੇਰਾ ਪਾਵੀਂ,
ਕੱਲੀ ਦਾ ਵਕਤ ਨਹੀਂ ਲੰਘਣਾ ਯਾਦ ਕੋਈ ਛੱਡ ਜਾਵੀਂ।

ਇਹ ਚੰਗਾ ਲੱਗਦਾ ਨਹੀਂ ਨਜ਼ਰਾਂ ਤੋਂ ਪੁੱਤ ਦੂਰ ਹੋ ਜਾਣ,
ਭਾਵੇਂ ਵਿਚ ਪਰਦੇਸਾਂ ਬਣਾ ਲੈਣ ਕਿੰਨੀ ਆਪਣੀ ਪਛਾਣ।

ਤੂੰ ਤੁਰ ਚੱਲਿਆਂ ਫਿਰ ਕਿਹਨੂੰ ਕਹਿ ਪੁੱਤ ਬੁਲਾਊ ਮਾਂ,
ਝੱਟਪੱਟ ਉਹ ਗਲ ਨਾਲ ਲਾ ਲੈਂਦੀ ਧੁੱਪ ਹੋਵੇ ਜਾਂ ਛਾਂ।

ਬੱਚਾ ਤੁਰ ਚੱਲਿਉਂ ਪਰਦੇਸ਼ ਤੂੰ ਛੱਡ ਕੇ ਮਾਂ ਇਕੱਲੀ ਨੂੰ,
ਰੋਂਦੀ ਨੂੰ ਕੌਣ ਦੇਊ ਦਿਲਾਸਾ ਮਗਰੋਂ ਤੇਰੀ ਮਾਂ ਝੱਲੀ ਨੂੰ!

ਮਾਂ ਕਹਿੰਦੀ ਪੁੱਤ ਆਉਂਦੇ-ਜਾਂਦੇ ਹੱਥ ਸੁਨੇਹਾਂ ਭਿਜਾਵੀਂ,
ਟਾਈਮ ਕੱਢ ਕੇ ਚਿੱਠੀ ਪੱਤਰ ਲਿਖ ਸੀਨੇ ਠੰਡ ਪਾਵੀਂ।

ਯਾਰ ਦੋਸਤ ਹੋਣਗੇ ਪਰਦੇਸਾਂ ਵਿਚ ਨਾ ਲੱਭਣ ਮਾਂਵਾਂ,
ਗਰਮ ਰੁੱਤੇ ਜਦ ਹੋਵੇਗੀ ਧੁੱਪ ਕੌਣ ਕਰੂਗਾ ਛਾਵਾਂ।

ਦਿਲ ਦਾ ਟੁਕੜਾ ਦੂਰ ਹੋ ਜਾਵੇ ਕਿਹਨੂੰ ਲਾਡ ਲਡਾਵਾਂ?
ਕਾਂ ਦੇ ਹੱਥ ਭੇਜ ਸੁਨੇਹਾ ਰਾਜ਼ੀ-ਖੁਸ਼ੀ ਦਾ ਪਤਾ ਮੰਗਾਵਾਂ।

ਬੱਚਾ ਵਿਚ ਪਰਦੇਸਾਂ ਜਾ ਕੇ ਮਾਂ ਨੂੰ ਕਦੀ ਭੁਲਾਵੀਂ ਨਾ?
ਸਦਾ ਸੁੱਖ ਮੰਗੇ ਮਾਂ ਕਹਿੰਦੀ ਔਖੀ ਘੜੀ ਵਿਖਾਵੀਂ ਨਾ।

# ਦੂਰੀਆਂ ਕਿ ਮਜਬੂਰੀਆਂ

ਕੋਹਾਂ ਦੀਆਂ ਦੂਰੀਆਂ ਮੁੱਕ ਜਾਣ ਨਾਲ ਮਜਬੂਰੀਆਂ,
ਜ਼ਿੰਦਗੀ ਦੀਆਂ ਜ਼ਰੂਰਤਾਂ ਨਾਲ ਵਧ ਜਾਣ ਦੂਰੀਆਂ।

ਸਾਧਨਾਂ ਦੀ ਰਫ਼ਤਾਰ ਨਾਲ ਜੀਵਨ ਕਰੀਬ ਹੋ ਗਿਆ,
ਖ਼ੁਸ਼ੀ ਔਰ ਗਮੀ ਦੇ ਮੌਕੇ ਮਿਲਣਾ ਨਸੀਬ ਹੋ ਗਿਆ।

ਦਿਲਾਂ ਤੋਂ ਨਾ ਹੋਵਣ ਦੂਰ ਭਾਵੇਂ ਕੋਹਾਂ ਦੂਰ ਹੋ ਜਾਵਣ,
ਦਿਨ-ਦਿਹਾੜੇ ਆਪਣਿਆਂ ਨੂੰ ਜ਼ਰੂਰ ਯਾਦ ਆਵਣ।

ਰਿਸ਼ਤੇਦਾਰੀ ਅਤੇ ਮਿੱਤਰਾਂ ਦੀ ਚਾਹਤ ਦਾ ਦਸਤੂਰ,
ਨਹੀਂ ਭੁੱਲ ਸਕਦੇ ਇਕ-ਦੂਜੇ ਨੂੰ ਹੋ ਜਾਵਣ ਮੀਲਾਂ ਦੂਰ।

ਹੁੰਦੇ ਦਿਲਾਂ ਨੂੰ ਦਿਲਾਂ ਦੇ ਰਾਹ ਦੂਰੀਆਂ ਦੇਣ ਘਟਾ,
ਨੇੜਤਾ ਨਾਲ ਇਕ-ਦੂਜੇ ਨੂੰ ਮਿਲਣ ਦੀ ਰਹੇ ਚਾਹ।

ਪਿਆਰ ਨਾਲ ਮਿਲਦੇ ਰਹੀਏ ਸਾਰੇ ਕਰੋ ਦਵਾ,
ਸਤਿਗੁਰ 'ਤੇ ਰੱਖੋ ਭਰੋਸਾ ਨਹੀਂ ਕੋਈ ਉਸਦੇ ਸਿਵਾ।

ਨਹੀਂ ਟੁੱਟੇ ਜੁੜਦੇ ਦਿਲ ਨਹੀਂ ਵਾਪਸ ਮੁੜਦੇ ਰੁੱਸੇ,
ਐਸੀ ਘੜੀ ਨਾ ਵੇਖਣੀ ਆਵੇ ਨਾ ਕੋਈ ਹੋਵੇ ਗੁੱਸੇ।

ਲਹੂ-ਸਫੇਦ ਨਾ ਹੋਵਣ ਕਦਰਾਂ-ਕੀਮਤਾਂ ਸਾਂਭ ਲਈਏ,
ਦੁਖ-ਸੁਖ ਦੇ ਭਾਈਵਾਲ ਬਣੀਏ ਦੋਸ਼ ਨਾ ਕਿਸੇ ਨੂੰ ਦਈਏ।

ਸ਼ਬਦਾਂ ਦੀ ਤਲਵਾਰ ਨਾਲ ਰਿਸ਼ਤਿਆਂ ਦਾ ਕਰਦੇ ਘਾਣ,
ਸਮਾਂ ਪੈਣ ਨਾਲ ਆਪਣਿਆਂ ਦੀ ਆ ਜਾਵੇ ਪਹਿਚਾਣ।

# ਕੀ ਫਾਇਦਾ

ਜਦੋਂ ਪਤਾ ਹੈ ਮੰਜ਼ਿਲ ਸ਼ਮਸਾਨ ਭੂਮੀ ਤੱਕ,
ਬੱਲੇ ਬੱਲੇ ਕਰਵਾਉਣ ਦਾ ਕੀ ਫਾਇਦਾ,

ਸਿਰਫ਼ ਦੋ ਗਜ਼ ਧਰਤੀ ਹਿੱਸੇ ਆਉਣੀ,
ਬਹੁਤੇ ਪੈਰ ਵਿਛਾਉਣ ਦਾ ਕੀ ਫਾਇਦਾ!

ਕੁੱਜੇ ਵਿਚ ਬੰਦ ਹੋ ਜਾਣਾ ਸਵਾਹ ਬਣ ਕੇ,
ਦੁਸ਼ਮਣੀਆਂ ਵਧਾਉਣ ਦਾ ਕੀ ਫਾਇਦਾ!

ਬਾਪੂ ਦਾ ਚੁੱਕਿਆ ਕਰਜ਼ਾ ਉਤਰਿਆ ਨਾ,
ਝੂਠੀ ਇੱਜ਼ਤ ਕਰਵਾਉਣ ਦਾ ਕੀ ਫਾਇਦਾ।

ਜੀਵਨ ਭਰ ਦੋ ਡੰਗ ਦੀ ਰੋਟੀ ਨਸੀਬ ਨਾ ਹੋਈ,
ਤੁਰ ਜਾਣ 'ਤੇ ਲੰਗਰ ਲਾਉਣ ਦਾ ਕੀ ਫਾਇਦਾ!

ਜੀਉਂਦੇ-ਜੀਅ ਕਦੀ ਰੱਬ ਦਾ ਨਾਮ ਨਾ ਲਿਆ,
ਮਰਨ 'ਤੇ ਪਾਠ ਕਰਵਾਉਣ ਦਾ ਕੀ ਫਾਇਦਾ!

ਤੀਰਥ ਅਸਥਾਨਾਂ ਦੀ ਯਾਤਰਾ ਨਸੀਬ ਨਾ ਹੋਈ,
ਅਸਥੀਆਂ ਤੀਰਥਾਂ 'ਤੇ ਪਾਉਣ ਦਾ ਕੀ ਫਾਇਦਾ!

ਨੇਕ ਕਮਾਈ ਦੀ ਕਿਸੇ ਵਡਿਆਈ ਨਾ ਕੀਤੀ,
ਅੰਤਮ ਅਰਦਾਸ 'ਤੇ ਵਡਿਆਉਣ ਦਾ ਕੀ ਫਾਇਦਾ!

ਸਾਰੀ ਉਮਰ ਦੇਸੀ ਘਿਉ ਚੱਖਣ ਨੂੰ ਨਹੀਂ ਮਿਲਿਆ,
ਦੇਸੀ ਘਿਉ ਨਾਲ ਅਗਨੀ ਲਾਉਣ ਦਾ ਕੀ ਫਾਇਦਾ!

ਆਪ ਭੁੱਖਾ ਰਹਿ ਕੇ ਪਰਵਾਰ ਦਾ ਢਿੱਡ ਭਰਦਾ ਰਿਹਾ,
ਸ਼ੁਹਰਤ ਲਈ ਬਰਸੀਆਂ ਮਨਾਉਣ ਦਾ ਕੀ ਫਾਇਦਾ!

ਜੀਉਂਦਿਆਂ ਦੀ ਕਰੋ ਸੇਵਾ ਬਜ਼ੁਰਗਾਂ ਨੂੰ ਨਾ ਕਦੀ ਦੇਵੋ ਦੁੱਖ,
ਮਰਨ ਤੋਂ ਬਾਅਦ ਝੂਠੀ ਸ਼ੁਹਰਤ ਦੀ ਨਾ ਨਿਖਾਰੋ ਭੁੱਖ।

# ਕਲੇਸ਼

ਦਿਲ ਕਰਦਾ ਨਹੀਂ ਕੁਝ ਕਹਿਣ ਨੂੰ,
ਰਿਹਾ ਨਾ ਜਿਗਰਾ ਹੁਣ ਸਹਿਣ ਨੂੰ।

ਸਿਆਣੇ ਹੋ ਗਏ ਹੁਣ ਧੀਆਂ-ਪੁੱਤ,
ਕਹਿਣ ਮਾਰੀ ਗਈ ਇਹਨਾਂ ਦੀ ਬੁੱਧ।

ਕਲ੍ਹਾ-ਕਲੇਸ਼ ਵੱਸੇ ਘੜਿਉਂ ਪਾਣੀ ਨੱਸੇ,
ਨਾ ਸਮਝਣ, ਕੌਣ ਇਹਨਾਂ ਨੂੰ ਦੱਸੇ?

ਇਕ-ਦੂਜੇ ਨੂੰ ਰਹਿੰਦੇ ਦੋਸ਼ ਦੇਂਦੇ,
ਆਪਣੇ 'ਤੇ ਕੋਈ ਗੱਲ ਨਹੀਂ ਲੈਂਦੇ।

ਕੀ ਕਰੇ ਇਹਨਾਂ ਦੀ ਗੱਲ ਕੋਈ,
ਇਹਨਾਂ ਲਾਹ ਰੱਖੀ ਹੈ ਲੋਈ!

ਆਉਣਾ-ਜਾਣਾ ਬਣਿਆ ਰਹਿੰਦਾ,
ਇਕ-ਦੂਜੇ ਦੀ ਕੋਈ ਗੱਲ ਨਾ ਸਹਿੰਦਾ।

ਸੋਚ-ਸਮਝ ਕੇ ਕਦੀ ਨਾ ਬੋਲਣ,
ਜਦ ਵੀ ਬੋਲਣ ਦੁਖੜੇ ਫੋਲਣ।

ਇਕ ਕਹਿੰਦਾ ਦੂਜਾ ਨਹੀਂ ਸਹਿੰਦਾ,
ਕਲੇਸ਼ ਬੜ੍ਹਾਵਾ ਲੈਂਦਾ ਰਹਿੰਦਾ।

# ਗੁਰੂ ਘਰਾਂ ਦੀ ਸਿਆਸਤ

ਤਾਕਤਵਰ ਲੋਕਾਂ ਦੀ ਗੁਰਦਵਾਰੇ ਰਿਆਸਤ,
ਜਿਥੇ ਡਾਂਗਾਂ ਸੋਟਿਆਂ ਦੀ ਚੱਲੇ ਰੋਜ਼ ਸਿਆਸਤ।

ਘਸੁੰਨ-ਮੁੱਕੀ ਨਾਲ ਸ਼ਬਦਾਂ ਦੀ ਚੱਲੇ ਜੰਗ ਜਿੱਥੇ,
ਬੁੱਧੀ ਭ੍ਰਿਸ਼ਟ ਵੇਖ ਨਾ ਪਾਉਣ ਬੈਠੇ ਕਿੱਥੇ।

ਕੱਚੀ ਲੱਸੀ ਵਾਂਗ ਲੜਾਈ ਵਧਾਈ ਜਾਵਣ,
ਗੁਰੂ ਗ੍ਰੰਥ ਸਾਹਿਬ ਦਾ ਰਤਾ ਭੈ ਨਾ ਖਾਵਣ।

ਲੜਾਈ-ਝਗੜੇ ਨਾਲ ਕਰਨ ਮਰਿਆਦਾ ਭੰਗ,
ਨਹੀਂ ਡਰਦੇ ਕਰਦੇ ਸੇਵਾਦਾਰਾਂ ਨੂੰ ਵੀ ਤੰਗ।

ਗਰਮ ਸੁਭਾਅ ਦੇ ਜੁੱਸੇ ਏਥੇ ਕੱਢ ਲੈਣ ਭੜਾਸ,
ਡਾਲਰਾਂ ਨੂੰ ਮੂੰਹ ਮਾਰਨ ਜਿਸਦੇ ਆ ਜਾਵੇ ਰਾਸ।

ਡਾਂਗਾਂ ਸੋਟੇ ਚੱਲਣ ਕੀ ਸੁਨੇਹਾ ਲੋਕਾਂ ਨੂੰ ਘੱਲਣ,
ਰੱਬਾ ਐਸਾ ਕਾਨੂੰਨ ਬਣਾ ਨਾ ਡਾਂਗਾਂ-ਸੋਟੇ ਚੱਲਣ।

ਵੇਖ ਕੇ ਲੋਕੀਂ ਮੂੰਹ ਵਿਚ ਉਂਗਲੀਆਂ ਪਾਵਣ,
ਸ਼ਰਧਾ ਨਾਲ ਆਉਣ ਵਾਲੇ ਕੰਨੀ ਕਤਰਾਵਣ।

ਆਵੇ ਨਾ ਆਵੇ ਕੋਈ, ਫ਼ਰਕ ਨਹੀਂ ਕੋਈ ਪੈਂਦਾ,
ਗੋਲਕ ਨੂੰ ਹਰ ਵਕਤ ਜਿੰਦਰਾ ਲੱਗਾ ਰਹਿੰਦਾ।

ਡਾਲਰਾਂ ਨਾਲ ਚੌਧਰ ਦੇ ਭੁੱਖੇ ਪੁਲਸ ਨੂੰ ਸੱਦਣ,
ਆਵੇ ਪੁਲਸ ਨਾ ਲਾਵੇ ਜੋੜੇ ਨਾ ਸਿਰ ਕੱਜਣ।

ਸਰਵ-ਸਾਂਝੀਵਾਲ ਸਭ ਅੱਜ ਧਰਮ ਨਾ ਇਹ ਸਿਖਾਵੇ,
ਆਪ ਮਰਿਆਦਾ ਨਾ ਰੱਖ ਦੂਜਿਆਂ ਤੋਂ ਭੰਗ ਕਰਾਵੇ।

# ਟਿੰਡਾਂ ਵਾਲਾ ਖੂਹ

ਟਿੰਡਾਂ ਵਾਲਾ ਖੂਹ ਵੇਖ ਕੇ ਮੈਨੂੰ ਪਿੰਡ ਚੇਤੇ ਆ ਗਿਆ,
ਪਿੰਡ ਦੀਆਂ ਗੁੰਦੀਆਂ ਯਾਦਾਂ ਸੀਨੇ 'ਚ ਸਮਾ ਗਿਆ।

ਆਉਣ ਟਿੰਡਾਂ ਜਾਣ ਟਿੰਡਾਂ ਪਾਣੀ ਢੋਣ ਚੱਲੀਆਂ,
ਉੱਪਰ ਆਉਣ ਥੱਲੇ ਜਾਣ ਰਹਿਣ ਕੱਲਮ ਕੱਲੀਆਂ।

ਪਾਣੀ ਚੁੱਕ ਥੱਲਿਉਂ ਉੱਪਰ ਨੂੰ ਲੈ ਕੇ ਆਉਂਦੀਆਂ,
ਇਕ ਦੇ ਬਾਅਦ ਦੂਸਰੀ ਪਾੜਸੇ ਵਿਚ ਪਾਉਂਦੀਆਂ।

ਬੈੜ ਦੇ ਗਲ ਗਾਨੀ ਟਿੰਡਾਂ ਖਿੱਚ ਲਿਆਉਣ ਨੀਰ,
ਲੱਠ ਦਾ ਕੀ ਹਾਲ ਜਿਹਦਾ ਮਿੱਟੀ ਮਿਲੇ ਸਰੀਰ।

ਇਕੋ ਸਾਧਨ ਕਿਸਾਨ ਦਾ ਖੇਤਾਂ ਨੂੰ ਪਾਣੀ ਲਾਉਣ ਦਾ,
ਖੂਹ ਦੀ ਗਾਢੀ 'ਤੇ ਬੈਠ ਜਾਵੇ ਜਦੋਂ ਵੇਲਾ ਸਾਉਣ ਦਾ।

ਨੀਂਦ ਦੀ ਪਰਵਾਹ ਨਹੀਂ ਫ਼ਸਲ ਨਾਲ ਪਿਆਰ,
ਖ਼ੁਸ਼ ਹੁੰਦਾ ਵੇਖ ਕੇ ਜਦੋਂ ਫ਼ਸਲ ਹੋ ਜਾਵੇ ਤਿਆਰ।

ਨਾ ਰਹੇ ਖੂਹ ਨਾ ਟਿੰਡਾਂ ਨਾ ਉਹਨਾਂ ਖੂਹਾਂ ਦੇ ਪਾਣੀ,
ਧਰਤੀ ਵੀ ਅੱਜ ਕੁਰਲਾਉਂਦੀ ਸੋਕੇ ਦੀ ਮਾਰ ਖਾਣੀ।

ਪੰਛੀ ਵੀ ਅੱਜ ਤਰਸਦੇ ਪੀਣ ਨੂੰ ਨਾ ਲੱਭੇ ਪਾਣੀ,
ਜ਼ਿਮੀਂਦਾਰਾ ਘਾਟੇ ਦਾ ਧੰਦਾ ਛੱਡੀ ਜਾਣ ਕਿਰਸਾਣੀ।

ਰਾਤ ਦੇ ਹਨੇਰੇ ਵਿਚ ਸੱਪਾਂ ਦੀਆਂ ਸਿਰੀਆਂ 'ਤੇ ਚੱਲਣਾ,
ਕੁਦਰਤ ਵੀ ਨਹੀਂ ਬਖ਼ਸ਼ਦੀ ਕੁਦਰਤੀ ਕਹਿਰ ਝੱਲਣਾ।

# ਕਾਲਪਨਿਕ ਸੋਚ

ਸੋਚਦਾਂ ਪੰਜਾਬੀ ਸ਼ਬਦ ਕੋਸ਼ ਦਾ ਅਗਲਾ ਵਰਕਾ ਫਰੋਲਾਂ,
ਇਕ ਕਾਲਪਨਿਕ ਸੋਚ ਨੂੰ ਲੈ ਕੇ ਬੰਦ ਪਈ ਕਲਮ ਨੂੰ ਖੋਲ੍ਹਾਂ।

ਆਪਣੀਆਂ ਸੋਚਾਂ ਵਿਚ ਡੁੱਬਾ ਇਹ ਵਰਕੇ ਫਰੋਲੀ ਜਾ ਰਿਹਾ,
ਇਕ-ਇਕ ਅੱਖਰ ਨੂੰ ਢੂੰਡ ਕੇ ਸੁੰਦਰ ਸ਼ਬਦ ਬਣਾਈ ਜਾ ਰਿਹਾ।

ਹੌਲੀ-ਹੌਲੀ ਸ਼ਬਦਾਂ ਨੂੰ ਜੋੜ ਕੇ ਸਤਰਾਂ ਵੱਲ ਵਧਦਾ ਜਾ ਰਿਹਾ,
ਕਿਵੇਂ ਬਿਆਨ ਕਰਾਂ ਇਹਨਾਂ ਸ਼ਬਦਾਂ ਵਿਚ ਭੇਦ ਨਹੀਂ ਪਾ ਰਿਹਾ।

ਵਧਣਾ ਚਾਹੁੰਦਾ ਆਪਣੇ ਲਕਸ਼ ਵੱਲ ਪਰ ਤਰਜਬੇ ਦੀ ਘਾਟ,
ਸ਼ਬਦਕੋਸ਼ ਦਾ ਆਸਰਾ ਲਿਆ ਪਰ ਬਣੀ ਨਹੀਂ ਅੱਜ ਤੱਕ ਬਾਤ।

ਹਿੰਮਤ ਮੈਂ ਹਾਰੀ ਨਹੀਂ ਮਿਹਨਤ ਕਰ ਰਿਹਾ ਦਿਨ ਅਤੇ ਰਾਤ,
ਵਕਤ ਨਹੀਂ ਲੱਗਦਾ ਇਨਸਾਨ ਦੇ ਬਦਲਣ ਲੱਗਿਆਂ ਹਾਲਾਤ।

ਮੈਂ ਕਲਮ ਦਾ ਧਨੀ ਤਾਂ ਨਹੀਂ ਪਰ ਲਕਸ਼ ਦੀ ਪੂਰਤੀ ਕਰਾਂਗਾ,
ਵਕਤ ਦੀ ਤਲਾਸ਼ ਵਿਚ ਹਾਂ, ਦੁਬਾਰਾ ਸ਼ਬਦਕੋਸ਼ ਨੂੰ ਪੜ੍ਹਾਂਗਾ।

ਜਦੋਂ ਵੀ ਮੌਕਾ ਮਿਲਿਆ ਤਾਂ ਫਿਰ ਇਸ ਰਾਹ 'ਤੇ ਆ ਖੜ੍ਹਾਂਗਾ,
ਹਰੇਕ ਸ਼ਬਦ ਨੂੰ ਤੇਰੇ ਲਈ ਸੋਹਣੀਆਂ ਸਤਰਾਂ ਵਿਚ ਜੜ੍ਹਾਂਗਾ।

# ਖਾਲਸੇ ਦਾ ਜਨਮ ਦਿਨ

ਖਾਲਸੇ ਦਾ ਦਿਨ ਧੂਮ-ਧਾਮ ਨਾਲ ਮਨਾਈਏ,
ਕਸਮ ਖਾ ਕੇ ਦਸਤਾਰਾਂ ਸਿਰਾਂ 'ਤੇ ਸਜਾਈਏ।

ਹੋਂਦ ਨੂੰ ਰੱਖਣ ਲਈ ਕਰ ਲਈਏ ਅੱਜ ਪ੍ਰਣ,
ਆਪੇ ਬਖਸ਼ਣਹਾਰ ਲੈਣ ਜੋ ਉਸ ਦੀ ਸ਼ਰਨ।

ਸਾਂਝਾ ਧਰਮ ਸਾਡਾ ਆਉ ਸਾਂਝਾਂ ਲਈਏ ਵਧਾ,
ਸਿੱਖੀ ਜੀਵਤ ਰੱਖਣ ਦੀਆਂ ਕਸਮਾਂ ਲਈਏ ਖਾ।

ਅੱਜ ਵੈਰੀ ਨੇ ਸਿੱਖੀ ਦੇ ਬਹੁਤ, ਦੇਈਏ ਰਾਹੇ ਪਾ,
ਪ੍ਰਣ ਕਰ, ਵੈਰੀ ਦੀ ਭਾਜੀ ਲਾਹ ਕੇ ਲਈਏ ਸਾਹ।

ਵੇਖੇ ਜੋ ਬੁਰੀ ਨਜ਼ਰ ਨਾਲ ਕਰ ਦਈਏ ਢੇਰੀ,
ਭੱਜ ਕੇ ਨਹੀਂ ਜਾ ਸਕਦਾ, ਲਾਈਏ ਨਾ ਦੇਰੀ।

ਸਾਡੀ ਅਣਖ ਨੂੰ ਜੋ ਵੰਗਾਰਦਾ ਸਾਡਾ ਵੈਰੀ,
ਨਿਹੱਥੇ 'ਤੇ ਹੱਥ ਚੁੱਕਦੇ ਨਹੀਂ ਜੋ ਪੈਜੇ ਪੈਰੀਂ।

ਸਿਖਿਆ ਨਹੀਂ ਝੁਕਣਾ ਨਾ ਕਿਸੇ 'ਤੇ ਥੁੱਕਣਾ,
ਸ਼ੇਰ ਵਰਗੀ ਭੁੱਬ ਆਉਂਦਾ ਕਿਵੇਂ ਬੁੱਕਣਾ!

# ਮੇਰੀ ਰਸਨਾ

ਰਾਤ ਸੁਖਾਂ ਨਾਲ ਹੋਈ ਬਤੀਤ,
ਲੱਗੀ ਉਸ ਸਹੁ ਨਾਲ ਪ੍ਰੀਤ।

ਪ੍ਰੀਤ ਸੰਗ ਹੁਣ ਚੜ੍ਹਿਆ ਦਿਨ,
ਦਿਨ ਨਹੀਂ ਟੱਪਣਾ ਸ਼ਹੁ ਬਿਨ।

ਮੇਰੀ ਰਸਨਾ ਤੋਂ ਬੁਰਾ ਕਹਾਵੀਂ ਨਾ,
ਹਿਰਦਾ ਕਿਸੇ ਦਾ ਦੁਖਾਵੀਂ ਨਾ।

ਹਿਰਦੇ ਵਿਚ ਦੇਵੀਂ ਨੇਕੀ ਨੂੰ ਥਾਂ,
ਮੰਦਾ ਕਿਸੇ ਦਾ ਕਦੀ ਸੋਚਾਂ ਨਾ।

ਦਸਾਂ ਨਹੁੰਆਂ ਦੀ ਕਿਰਤ ਕਰਾਵੀਂ,
ਕਿਰਤ-ਕਮਾਈ 'ਚੋਂ ਦਸਵੰਧ ਕਢਾਵੀਂ।

ਬੁਰਾ ਨਾ ਕਿਸੇ ਦਾ ਤੱਕਣ ਅੱਖਾਂ,
ਸਭ ਨੂੰ ਹੋਵਣ ਤੇਰੀਆਂ ਰੱਖਾਂ।

ਪੈਰਾਂ ਹੇਠ ਕੋਈ ਜੀਵ ਨਾ ਆਵੇ,
ਜੀਵਨ ਤੋਂ ਨਾ ਵਾਂਝਿਆ ਰਹਿ ਜਾਵੇ।

# ਗ਼ਰੀਬੀ ਦੀ ਜ਼ਿੰਦਗੀ

ਗ਼ਰੀਬੀ ਅਸੀਂ ਆਪਣੇ ਪਿੰਡੇ ਹੰਡਾਈ,
ਮੌਤ ਨੂੰ ਉਡੀਕਦੇ ਉਹ ਵੀ ਨਾ ਆਈ।

ਚਿੰਤਾ ਲੱਗੀ ਰਹਿੰਦੀ ਪੇਟ ਭਰਨ ਦੀ,
ਤਨ 'ਤੇ ਲੀਰਾਂ ਨਾਲ ਗੁਜ਼ਾਰਾ ਕਰਨ ਦੀ।

ਕੀ ਬਣਾਈ ਜ਼ਿੰਦਗੀ ਗ਼ਰੀਬ ਦੀ ਰੱਬਾ,
ਅਮੀਰਾਂ ਦੀ ਦੁਨੀਆਂ ਵਿਖਾ ਕੇ ਕੀ ਲੱਭਾ।

ਗ਼ਰੀਬ ਲਈ ਜ਼ਿੰਦਗੀ ਖ਼ੌਫ ਬਣ ਕੇ ਆਵੇ,
ਤਨ 'ਤੇ ਲੀਰਾਂ ਨਾ, ਉਹੀ ਦਿਨ-ਕਟੀ ਕਰਾਵੇ।

ਢਿੱਡੋਂ ਭੁੱਖਾ ਪੈਰੋਂ ਨੰਗਾ ਨੀਲੀ ਛਤਰੀ ਘਰ,
ਅੱਜ ਗਿਆ ਕੱਲ੍ਹ ਦਾ ਬਣਿਆ ਰਹਿੰਦਾ ਡਰ।

ਗ਼ਰੀਬਾਂ ਦੇ ਵਿਹੜੇ ਤਾਂ ਮੌਤ ਵੀ ਨਹੀਂ ਵੜਦੀ,
ਸੋਚ ਕੀ ਲੈਣਾ, ਗ਼ਰੀਬ ਨੂੰ ਛੱਡ ਅਮੀਰ ਫੜਦੀ।

ਸਾਡੀ ਜ਼ਿੰਦਗੀ ਵਿਚ ਕਿਉਂ ਲਿਖਿਆ ਸੰਤਾਪ,
ਸਾਨੂੰ ਦੱਸ, ਅਸੀਂ ਕਿਹੜੇ ਜਨਮਾਂ ਦੇ ਕੀਤੇ ਪਾਪ?

# ਨਸਲੀ ਭੇਦ-ਭਾਵ

ਸੰਸਾਰ ਵਿਚ ਨਸਲੀ ਭੇਦ-ਭਾਵ ਦਾ ਬੋਲ-ਬਾਲਾ,
ਅਨੇਕ ਮਜ਼੍ਹਬਾਂ ਵਿਚ ਵੰਡੀ ਦੁਨੀਆਂ ਗੋਰਾ ਜਾਂ ਕਾਲਾ।

ਮਜ਼ਬੀ ਅਤੇ ਖੇਤਰੀ ਵੰਡਾਂ ਨਾਲ ਦੂਰੀਆਂ ਵਧਾ ਲਈਆਂ,
ਦੂਜੇ ਦੇ ਹੱਕਾਂ ਤੇ ਕਬਜ਼ੇ ਲਈ ਚੌਧਰਾਂ ਜਮਾ ਲਈਆਂ।

ਕਾਨੂੰਨ ਹਰ ਮੁਲਕ ਵਿਚ ਬਣੇ ਰਹਿ ਗਏ ਬਣ ਕੇ ਸਵਾਲ,
ਹਜ਼ਾਰਾਂ ਲੋਕ ਨਸਲੀ ਦੰਗਿਆਂ ਦੀ ਬਲੀ ਚੜ੍ਹਦੇ ਹਰ ਸਾਲ।

ਕਾਲੇ ਨੂੰ ਸ਼ੋਭਾ ਨਾ ਦੇਵੇ ਗੋਰਾ ਅਤੇ ਫਿਰ ਗੋਰੇ ਨੂੰ ਨਾ ਕਾਲਾ,
ਇਕ ਦੂਜੇ ਨੂੰ ਨਫ਼ਰਤ ਕਰਦੇ ਜਿਵੇਂ ਹਨੇਰਾ ਅਤੇ ਉਜਾਲਾ।

ਗੋਰੇ ਕਾਲੇ, ਹਿੰਦੂ ਮੁਸਲਮ ਸਿੱਖ ਈਸਾਈ ਨੇ ਭਾਈ-ਭਾਈ,
ਫਿਰ ਕਿੰਨੇ ਇਹਨਾਂ ਵਿਚ ਇਕ ਦੂਜੇ ਪ੍ਰਤੀ ਨਫ਼ਰਤ ਪਾਈ।

ਆਪਸ ਵਿਚ ਭੇਦ-ਭਾਵ ਨਹੀਂ ਕੋਈ ਮਜ਼੍ਹਬ ਸਿਖਾਉਂਦਾ,
ਮਨੁੱਖ ਹੀ ਮਨੁੱਖ ਨੂੰ ਨਫ਼ਰਤ ਕਰਦਾ ਇਹ ਕੌਣ ਕਰਾਉਂਦਾ।

ਸੰਸਾਰ ਵਿੱਚ ਅਨੇਕਾਂ ਲੋਕ ਭੇਦ-ਭਾਵ ਦੀ ਬਲੀ ਚੜ੍ਹ ਜਾਂਦੇ,
ਸਮਾਜਿਕ ਸੰਸਥਾਵਾਂ ਬੇਅੰਤ, ਨਹੀਂ ਬਣਦਾ ਰੋਲ ਨਿਭਾਉਂਦੇ।

ਕੁਦਰਤ ਨੇ ਪੈਦਾ ਕੀਤੇ ਸਭ ਬਰਾਬਰ, ਬੰਦਾ ਅਤੇ ਜ਼ਨਾਨੀ,
ਰੰਗ ਰੂਪ ਸਭ ਉਸਦੇ ਮਾੜਾ ਕਿਉਂ ਕਹੀਏ ਆਪਣੀ ਜ਼ਬਾਨੀ?

ਇਹ ਇਕ ਸਮਾਜਿਕ ਕੋਹੜ ਜਿਹਨੂੰ ਥੰਮ੍ਹ ਪਾਉਣ ਦੀ ਲੋੜ,
ਬੁੱਧੀਜੀਵੀ ਅਤੇ ਸਰਕਾਰਾਂ ਅੱਗੇ ਆਉਣ ਨਹੀਂ ਕੋਈ ਹੋਰ।

# ਬਾਪ ਪੁੱਤ ਦਾ ਰਿਸ਼ਤਾ

ਜਦ ਤਕ ਪੁੱਤ ਨਹੀਂ ਬਣਦਾ ਬਾਪ,
ਬਾਪ ਦੇ ਹਰ ਫ਼ੈਸਲੇ ਦੇ ਜਾਵੇ ਖਿਲਾਫ।

ਪੁੱਤ ਨਾ ਸਮਝੇ ਕਦੀ ਬਾਪ ਕੀ ਕਹਿੰਦਾ,
ਉਲਟਾ ਉਸ ਨਾਲ ਬਹਿਸ ਵਿਚ ਪੈਂਦਾ।

ਉਹੀ ਪੁੱਤ ਜਦੋਂ ਫਿਰ ਬਾਪ ਬਣ ਜਾਂਦਾ,
ਆਪਣੇ ਫ਼ੈਸਲੇ ਲਾਗੂ ਆਪ ਕਰਵਾਂਦਾ।

ਕਿਉਂ ਇਹ ਰਹਿੰਦੀ ਸਮਝ ਦੀ ਘਾਟ,
ਹਰ ਗੱਲ ਕਿਉਂ ਕਹੀ ਜਾਂਦੀ ਮੂੰਹ ਫਾਟ?

ਬਾਪ ਕਹੇ ਗੱਲ ਸੋਚ ਸਮਝ ਕੇ ਕਰੀਏ,
ਕੱਲ੍ਹ ਨੂੰ ਤੂੰ ਬਾਪ ਬਣਨਾ ਬਾਪ ਤੋਂ ਡਰੀਏ।

ਬਾਪ ਹਮੇਸ਼ਾਂ ਬੱਚਿਆਂ ਦਾ ਭਲਾ ਸੋਚਦਾ,
ਢਿੱਡੋਂ ਭੁੱਖਾ ਰਹਿ ਕੇ ਬੱਚਿਆਂ ਦਾ ਲੋਚਦਾ।

ਜੇ ਪੁੱਤ ਰੱਖੇ ਚੇਤੇ ਬਾਪ ਅੱਗੇ ਨਹੀਂ ਬੋਲਦਾ,
ਸਦਾ ਸੁੱਖ ਜੋ ਮੰਗੇ ਬਾਪ ਨਹੀਂ ਕਦੇ ਡੋਲਦਾ।

ਦੁਨੀਆਂ ਦੀ ਪਰਵਾਹ ਨਾ ਪੁੱਤ ਨੂੰ ਬੋਲੇ ਮੰਦਾ,
ਬਾਪ ਲਈ ਮੇਰਾ ਪੁੱਤ ਸਾਰੇ ਜਹਾਨ ਤੋਂ ਚੰਗਾ।

ਪੁੱਤ ਨੂੰ ਅਹਿਸਾਸ ਹੁੰਦਾ ਜਦੋਂ ਬਾਪ ਬਣਦਾ,
ਸੋਚਦਾ, ਪੁੱਤ ਮੇਰੀ ਗੱਲ ਕਿਉਂ ਨਹੀਂ ਮੰਨਦਾ?

# ਆਪਣਾ ਘਰ

ਸੱਚ ਛੱਜੂ ਦੇ ਚੁਬਾਰੇ ਨਾ ਬਲਖ ਨਾ ਬੁਖਾਰੇ,
ਆਪਣਿਆਂ ਤੋਂ ਦੂਰ ਨਾ ਕੋਈ ਸੁੱਖ ਪਿਆਰੇ।

ਕਿਤੇ ਜਾਓ ਘਰ ਵਰਗੀ ਨਹੀਂ ਕੋਈ ਰੀਸ,
ਘਰ ਦਾ ਛੱਡ ਸ਼ਾਹੀ ਖਾਣਾ ਨਹੀਂ ਕੋਈ ਚੀਜ਼।

ਕੁਝ ਲੋੜਾਂ ਬਿਨ ਦੂਰੀਆਂ ਨਾ ਹੋਣ ਪੂਰੀਆਂ,
ਜ਼ਿੰਦਗੀ ਖਾਈ ਜਾਣ ਘੁਣ ਵਾਂਗ ਮਜਬੂਰੀਆਂ।

ਭੁੱਲ ਨਹੀਂ ਸਕਦਾ ਜਿੱਥੇ ਬਚਪਨ ਗੁਜ਼ਾਰਿਆ,
ਸੱਤ ਸਮੁੰਦਰੋਂ ਪਾਰ ਨਹੀਂ ਜਾਂਦਾ ਵਿਸਾਰਿਆ।

ਘਰ ਕੀ ਵਿਸਾਰਨਾ ਪਿੰਡ ਯਾਦ ਆਊਗਾ,
ਬੋਹੜਾਂ ਦੀਆਂ ਛਾਂਵਾਂ ਸੰਗ ਮਿਲ ਜਾਊਗਾ।

ਪੋਂਡੂ ਖੇਡਾਂ ਗੁੱਲੀ ਡੰਡਾ ਤੇ ਕੋਟਲਾ ਸ਼ਿਪਾਕੀ,
ਹਾੜ ਦੇ ਮਹੀਨੇ ਕਣਕ ਦੇ ਬੋਹੜ ਦੀ ਰਾਖੀ।

ਕੜਕ ਦੀ ਗਰਮੀ ਵਿਚ ਫਲ੍ਹਿਆਂ ਦਾ ਵਾਹੁਣਾ,
ਤਪਦੀ ਲੋਹ ਵਿਚ ਕਣਕ ਦਾ ਬੋਹਲ ਲਾਉਣਾ।

ਲੌਢਾ ਵੇਲਾ ਖਾਈਏ ਸ਼ੱਕਰ ਤੇ ਘਿਉ ਨਾਲ,
ਬਿਮਾਰੀਆਂ ਦਾ ਨਾ ਆਵੇ ਕਦੀ ਖਿਆਲ।

ਸੁਹਣੀ ਆਬੋ ਹਵਾ ਸ਼ਹਿਰਾਂ ਨਾਲੋਂ ਪਿੰਡ ਚੰਗੇ,
ਪਿੰਡ ਛੱਡ ਕੇ ਜੋ ਸ਼ਹਿਰ ਨੂੰ ਜਾਵੇ ਭਾਗ ਮੰਦੇ।

ਅੱਜ ਪਿੰਡਾਂ ਨੂੰ ਭੁੱਲ ਕੇ ਸ਼ਹਿਰ ਵਸਾਈ ਜਾਂਦੇ,
ਗੰਦਗੀ ਦੇ ਢੇਰ ਪ੍ਰਦੂਸ਼ਨ ਵਧਾਈ ਜਾਂਦੇ।

ਜੀਵਨ ਸੌਖੇ ਦੀ ਬਜਾਏ ਔਖਾ ਬਣਾਈ ਜਾਂਦੇ,
ਪਿੰਡ ਨੂੰ ਛੱਡ ਕੇ ਸ਼ਹਿਰ ਅਪਣਾਈ ਜਾਂਦੇ।

# ਜੋ ਸੁੱਖ ਛੱਜੂ ਦੇ ਚੁਬਾਰੇ

ਜੋ ਸੁੱਖ ਛੱਜੂ ਦੇ ਚੁਬਾਰੇ ਨਾ ਬਲਖ ਨਾ ਬੁਖਾਰੇ,
ਭਾਵੇਂ ਚੱਕਰ ਲਾ ਲਈਏ ਸੰਸਾਰ ਦੇ ਸਾਰੇ।

ਘਰ ਤੋਂ ਬਾਹਰ ਉਹ ਪਿਆਰ ਨਹੀਂ ਮਿਲਦਾ,
ਜਿਵੇਂ ਕਮਲ ਦਾ ਫੁੱਲ ਪਾਣੀ ਵਿਚ ਖਿਲਦਾ।

ਆਪਣੇ ਘਰ ਵਿਚ ਮਹਿਕ ਫੁੱਲਾਂ ਦੀ ਆਉਂਦੀ,
ਜਿਵੇਂ ਕੋਇਲ ਸੁਣਦੀ ਬਾਗਾਂ ਵਿਚ ਗਾਉਂਦੀ।

ਆਪਣੇ ਕੱਚੇ ਕੋਠੇ ਲੱਗਣ ਮਹਿਲ-ਮਾੜੀਆਂ,
ਭਾਵੇਂ ਚਾਰ-ਚੁਫੇਰੇ ਉੱਗਦੀਆਂ ਲੱਭਣ ਝਾੜੀਆਂ।

ਮਾਂ ਦੇ ਹੱਥਾਂ ਦੀ ਪੱਕੀ ਰੋਟੀ ਨਹੀਂ ਕਦੀ ਭੁੱਲਦੀ,
ਘਰ ਦੀ ਰੋਟੀ ਚੇਤੇ ਆਵੇ ਖਾਣੀ ਪੈ ਜਾਵੇ ਮੁੱਲ ਦੀ।

ਰਹੋ ਜਿਥੇ ਮਰਜ਼ੀ ਯਾਦ ਹਮੇਸ਼ਾਂ ਆਉਂਦੀ ਘਰ ਦੀ,
ਦੂਰ ਰਹਿਣ ਨਾਲ ਵਾਪਸੀ ਦੀ ਤਾਂਘ ਜ਼ੋਰ ਫੜਦੀ।

ਥਾਂ ਜਿੱਥੇ ਨਿੱਕੇ ਹੁੰਦਿਆਂ ਲਾਡ ਲਡਾਉਂਦੀ ਸੀ ਮਾਂ,
ਲੱਖ ਕੋਸ਼ਿਸ਼ਾਂ ਕਰ ਲਈਏ ਕਦੀ ਭੁੱਲਦੀ ਨਹੀਂ ਗਿਰਾਂ।

ਮਾਂ-ਪਿਉ ਦੇ ਸਿਰ 'ਤੇ ਕੀਤੀ ਐਸ਼ ਕਦੀ ਨਾ ਭੁੱਲਦੀ,
ਸੱਤ ਸਮੁੰਦਰੋਂ ਪਾਰ ਚੇਤੇ ਆਵੇ ਤਵੇ 'ਤੇ ਰੋਟੀ ਫੁਲਦੀ।

# ਪੁਰਾਤਨ ਪੇਂਡੂ ਵਸਤਾਂ

ਹਨੇਰੇ ਅਤੇ ਰੋਸ਼ਨੀ ਦਾ ਗੂੜ੍ਹਾ ਸੰਬੰਧ,
ਜੇ ਇਹਨਾਂ ਦੋਵਾਂ ਵਿਚਕਾਰ ਨਾ ਹੋਵੇ ਕੰਧ,

ਚੁੱਲ੍ਹੇ ਅਤੇ ਤਵੇ ਦਾ ਸੰਬੰਧ ਹੈ ਰੋਟੀ ਨਾਲ,
ਬੁਢਾਪੇ ਦਾ ਸੰਬੰਧ ਹੱਥ ਫੜੀ ਸੋਟੀ ਨਾਲ।

ਪੀੜ੍ਹੀ ਤੇ ਚੱਕੀ ਭਾਰ ਨਾਲ ਨਾ ਕਦੀ ਥੱਕੀ,
ਪੀੜ੍ਹੀ 'ਤੇ ਬੈਠੀ ਬੇਬੇ ਫੇਰਦੀ ਜਦ ਚੱਕੀ।

ਰਿੜਕਣਾ ਨਹੀਂ ਬਣਦਾ ਬਿਨ ਚਾਟੀ ਮਧਾਣੀ,
ਮੱਖਣ ਨਹੀਂ ਬਣਦਾ ਬਿਨ ਚਾਟੀ ਪਾਣੀ।

ਪਤੀਲਾ ਬਰਤਨਾਂ ਵਿਚੋਂ ਇਕ ਬਰਤਨ,
ਔਰਤਾਂ ਸਬਜ਼ੀ ਬਣਾਉਣ ਲਈ ਵਰਤਣ।

ਚੁੱਲ੍ਹੇ ਬਿਨ ਰਸੋਈ ਨਾ ਔਰਤ ਕਰੇ ਪਿਆਰ,
ਰੋਜ਼ਾਨਾ ਖਾਣਾ-ਪੀਣਾ ਚੁੱਲ੍ਹੇ 'ਤੇ ਕਰੇ ਤਿਆਰ।

ਮਸਾਲਾ ਕੁੱਟਣ ਲਈ ਕੂੰਡੇ ਦੀ ਵਰਤੋ ਕਰਦੀ,
ਜਦੋਂ ਪਤੀਲਾ ਸਬਜ਼ੀ ਵਾਲਾ ਚੁੱਲ੍ਹੇ 'ਤੇ ਧਰਦੀ।

ਟੋਕਰੇ ਦੀ ਵਰਤੋਂ ਡੰਗਰਾਂ ਨੂੰ ਪੱਠੇ ਪਾਉਣ ਲਈ,
ਵਰਤਿਆ ਜਾਂਦਾ ਤੂੜੀ ਹਰਾ ਚਾਰਾ ਰਲਾਉਣ ਲਈ।

ਬਾਲਟੀ ਦਾ ਬਹੁ ਪ੍ਰਯੋਗ ਇਹ ਹੈ ਇਸਦੀ ਕਹਾਣੀ,
ਬਾਲਟੀ ਦੀ ਵਰਤੋਂ ਉਥੇ ਜਿਥੇ ਚਾਹੀਦਾ ਹੋਵੇ ਪਾਣੀ.

ਚਰਖੇ ਤੱਕਲੇ ਤੰਦ ਦਾ ਸੰਬੰਧ ਰੂੰ ਪੂਣੀ ਧਾਗੇ ਨਾਲ,
ਖੇਤਾਂ ਵਿਚ ਹਲ-ਪੰਜਾਲੀ ਦਾ ਸੰਬੰਧ ਸਵ੍ਹਾਗੇ ਨਾਲ।

# ਉਹਦੀਆਂ ਉਹ ਹੀ ਜਾਣੇ

ਕਿਹੜਿਆਂ ਰੰਗਾਂ ਵਿਚ ਰਾਜ਼ੀ ਉਹਦੀਆਂ ਉਹ ਹੀ ਜਾਣੇ,
ਪੱਤੇ-ਪੱਤੇ ਜ਼ਰ੍ਰੇ-ਜ਼ਰ੍ਰੇ ਵਿਚ ਫਿਰ ਉਹਦੀ ਕੀ ਪਛਾਣ ਏ?

ਲੱਖੋਂ ਕੱਖ ਤੇ ਕੱਖੋਂ ਲੱਖ ਬਣਾ ਦੇਵੇ ਨਹੀਂ ਕੋਈ ਲੰਮਾ ਖੇਲ,
ਜਿਸ 'ਤੇ ਉਹਦੀ ਕਿਰਪਾ ਹੋਵੇ ਫਿਰ ਹੁੰਦਾ ਕਦੀ ਨਹੀਂ ਫੇਲ੍ਹ।

ਸ੍ਰਿਸ਼ਟੀ ਦ੍ਰਿਸ਼ਟੀ ਦਾ ਮਾਲਕ ਸੂਰਜ ਚਾਂਦ ਵੀ ਉਹਦੇ ਭਾਣੇ,
ਉਹ ਕਿਹੜਿਆਂ ਰੰਗਾਂ ਵਿਚ ਰਾਜ਼ੀ ਉਹਦੀਆਂ ਉਹ ਹੀ ਜਾਣੇ!

ਇਹ ਕੈਸਾ ਇਨਸਾਫ਼ ਜਦੋਂ ਸਭ ਤੇਰੇ ਹੀ ਬਣਾਏ ਹੋਏ ਬੰਦੇ,
ਕੁਝ ਰੋਂਦੇ ਆਪਣੀ ਤਕਦੀਰ ਨੂੰ ਭਾਗ ਲਿਖੇ ਜਿਨ੍ਹਾਂ ਦੇ ਮੰਦੇ।

ਤਕਦੀਰ ਜਿਨ੍ਹਾਂ ਦੀ ਲਿਖੀ ਹੈ ਮਾੜੀ ਉਹ ਵੀ ਉਹਦੇ ਕਹਿਣੇ,
ਉਹ ਕਿਹੜਿਆਂ ਰੰਗਾਂ ਵਿਚ ਰਾਜ਼ੀ ਉਹਦੀਆਂ ਉਹ ਹੀ ਜਾਣੇ?

ਕੁਝ ਰਹਿੰਦੇ ਵਿਚ ਮਹੱਲਾਂ ਦੇ ਕੁਝ ਨੂੰ ਨਸੀਬ ਨਾ ਕੁੱਲੀ ਜੁੱਲੀ,
ਉਹ ਵੀ ਗਾਉਂਦੇ ਮਹਿਮਾ ਤੇਰੇ ਨਾਮ ਦੀ ਫਿਰਦੇ ਸਭ ਕੁਝ ਭੁੱਲੀ।

ਇਹ ਜਨਮ ਦੁਬਾਰਾ ਆਉਣਾ ਨਹੀਂ ਸਿੱਖ ਰਹਿਣਾ ਉਹਦੇ ਭਾਣੇ,
ਉਹ ਕਿਹੜਿਆਂ ਰੰਗਾਂ ਵਿਚ ਰਾਜ਼ੀ ਉਹਦੀਆਂ ਉਹ ਹੀ ਜਾਣੇ!

ਕੁਝ ਨੂੰ ਮਿਲੇ ਨਾ ਦੋ ਡੰਗ ਦੀ ਮਿੱਸੀ ਕੁਝ ਖਾਣ ਰੋਜ਼ਾਨਾ ਤਾਜ਼ੀ,
ਇਕਨਾਂ ਦੇ ਜਿੱਤ ਨਸੀਬ ਵਿਚ ਇਕ ਹਾਰ ਜਾਣ ਜਿੱਤੀ ਬਾਜ਼ੀ।

ਦਾਤਾ ਦਾਤਾਰ ਸਭ ਦਾ ਪਾਲਣਹਾਰ ਐਸਾ ਕਿਉਂ ਹੋਵੇ ਉਹਨਾਂ ਨਾਲ,
ਸਭਨਾਂ ਜੀਆਂ ਦਾ ਦਾਤਾ ਤੇਰੇ ਬਿਨ ਕੌਣ ਪੁੱਛੇ ਉਹਨਾਂ ਦਾ ਹਾਲ।

ਉਹਦੀ ਨਹੀਂ ਪਹਿਚਾਣ ਕਿਸੇ ਨੂੰ ਪਰ ਉਹਨੂੰ ਸਭ ਦੀ ਪਛਾਣ ਏ,
ਉਹ ਕਿਹੜਿਆਂ ਰੰਗਾਂ ਵਿਚ ਰਾਜ਼ੀ ਉਹਦੀਆਂ ਉਹ ਹੀ ਜਾਣੇ!

ਕੁਝ ਦੇ ਨਸੀਬਾਂ ਵਿੱਚ ਪੁੱਤ ਲਿਖੇ ਕੁਝ ਤਰਸਦੇ ਫਿਰਦੇ ਧੀਆਂ ਨੂੰ,
ਤੂੰ ਉਹਨਾਂ ਦੇ ਸਿਰ ਦਾ ਸਾਂਈਂ ਜੋ ਲੱਭਦੇ ਫਿਰਨ ਇਹਨਾਂ ਜੀਆਂ ਨੂੰ।

ਕੁਝ ਸੜਕਾਂ 'ਤੇ ਭੁੱਖੇ-ਨੰਗੇ ਸੌਂਦੇ ਦਰ-ਦਰ ਦੀਆਂ ਠੋਕਰਾਂ ਖਾਂਦੇ,
ਤੇਰੀ ਰਜ਼ਾ ਵਿਚ ਰਹਿੰਦੇ ਹੱਸਕੇ ਫਿਰ ਵੀ ਉਹ ਤੇਰੇ ਗੁਣ ਗਾਂਦੇ।

ਉਹ ਦੀ ਲੀਲ੍ਹਾ ਦਾ ਅੰਤ ਨਾ ਉਹ ਹੀ ਜਾਣੇ ਸਭ ਨੂੰ ਰੱਖੇ ਟਿਕਾਣੇ,
ਉਹ ਕਿਹੜਿਆਂ ਰੰਗਾਂ ਵਿਚ ਰਾਜ਼ੀ ਉਹਦੀਆਂ ਉਹ ਹੀ ਜਾਣੇ!

# ਇਹ ਦਿਨ ਵੇਖਣ ਨੂੰ ਆਏ

ਦੁੱਧ ਪਿਲਾ ਕੇ ਵੱਡੇ ਕੀਤੇ ਦਿਲ ਦੇ ਜ਼ਖਮ ਨਾ ਉਹਨਾਂ ਸੀਤੇ,
ਕਿਵੇਂ ਦਿਲ ਹੌਲਾ ਕਰ ਪਾਵਾਂ ਕਿਵੇਂ ਭੁੱਲ ਜਾਵਾਂ ਪਲ ਬੀਤੇ।
ਦਿਲ ਦੇ ਟੁਕੜੇ ਹੋਏ ਪਰਾਏ ਨੂੰਹਾਂ ਆਪਣੀ ਹੱਥੀਂ ਚੜ੍ਹਾਏ।
ਮਾਂ ਕਹਿੰਦੀ ਪੁੱਤ ਇਹ ਵੀ ਦਿਨ ਵੇਖਣ ਨੂੰ ਆਏ ......

ਪੁੱਤਾਂ ਨੂੰ ਲੈ ਗਈਆਂ ਨੂੰਹਾਂ ਤੇ ਧੀਆਂ ਨੂੰ ਲੈ ਗਏ ਹੋਰ,
ਬੁੱਢੀ ਮਾਂ ਵਿਹੜੇ ਵਿਚ ਬੈਠੀ ਜਿਵੇਂ ਸੰਨ੍ਹ ਲਗਾ ਗਏ ਚੋਰ।
ਪੁੱਤ ਨਾਲ ਮਾਂ ਬੈਠੀ ਲਾਡ ਲਡਾਏ ਮੀਂਹ ਜਾਂ ਹਨੇਰੀ ਜਾਏ।
ਮਾਂ ਕਹਿੰਦੀ ਪੁੱਤ ਇਹ ਵੀ ਦਿਨ ਵੇਖਣ ਨੂੰ ਆਏ .....

ਗੋਦੀ ਪਾ ਲਾਡ ਲਡਾਇਆ, ਉਂਗਲੀ ਫੜ ਤੁਰਨਾ ਸਿਖਾਇਆ,
ਤੋਤਲੀਆਂ ਤੋਤਲੀਆਂ ਗੱਲਾਂ ਕਰ ਪਹਿਲਾਂ ਕਹਿ ਮਾਂ ਬੁਲਾਇਆ।
ਮਾਂ ਦੀ ਆਤਮਾ ਰੋ ਰੋ ਕਹਿੰਦੀ ਪੁੱਤ ਕਿਉਂ ਮੇਰਾ ਦੂਰ ਹੋ ਜਾਏ?
ਮਾਂ ਕਹਿੰਦੀ ਪੁੱਤ ਇਹ ਵੀ ਦਿਨ ਵੇਖਣ ਨੂੰ ਆਏ .....

ਰੀਝਾਂ ਨਾਲ ਪਾਲਿਆ ਦੁੱਧ ਮਲਾਈ ਦੀ ਕੋਈ ਕਸਰ ਨਾ ਛੱਡੀ,
ਪੁੱਤ ਨਾਲੋਂ ਨਾ ਮਾਂ ਨੂੰ ਕੋਈ ਹੋਰ ਪਿਆਰਾ ਫਿਰ ਵੀ ਮਾਂ ਕੱਲੀ ਛੱਡੀ।
ਪੁੱਤ ਵਿਆਹਿਆ ਮਾਂ ਨੇ ਸੁਖ ਲਈ, ਮਾਂ ਨੂੰ ਸੁਖ ਦੇ ਨਾ ਪਾਏ।
ਮਾਂ ਕਹਿੰਦੀ ਪੁੱਤ ਇਹ ਵੀ ਦਿਨ ਵੇਖਣ ਨੂੰ ਆਏ .....

ਸੁੱਖਾਂ ਸੁੱਖ ਮੰਗਿਆ ਦੇਰ ਨਾਲ ਘਰ ਆਵੇ ਸਾਹ ਰਹਿੰਦਾ ਟੰਗਿਆ,
ਦੁੱਧ ਪਿਲਾ ਕੇ ਪਾਲਣ ਵਾਲੀ ਪਾਣੀ ਨੂੰ ਤਰਸੇ ਹੋਰ ਨਾ ਕੁਝ ਮੰਗਿਆ।
ਧੀ ਪੁੱਤ ਨਾਲੋਂ ਘੱਟ ਨਹੀਂ ਦੁਖ-ਸੁਖ ਵੇਲੇ ਕੰਮ ਜੋ ਆਏ।
ਮਾਂ ਕਹਿੰਦੀ ਪੁੱਤ ਇਹ ਵੀ ਦਿਨ ਵੇਖਣ ਨੂੰ ਆਏ .....

ਜੱਗ 'ਤੇ ਮਹਿਮਾ ਮਾਂ ਦੀ ਪੁੱਤ ਪੋਤਰਿਆਂ ਵਾਲੀ ਹੋ ਕੇ ਵੀ ਮਾਂ ਕੱਲੀ,
ਪੁੱਤ ਨਾ ਪੁੱਛੇ ਮਾਂ ਦੀ ਬਾਤ ਸਭ ਕੁਝ ਹੁੰਦਿਆਂ ਮਾਂ ਫਿਰਦੀ ਝੱਲੀ।
ਪੁੱਤ ਨਾ ਫੜੇ ਬਾਂਹ ਬੁੱਢੀ ਮਾਂ ਬੁਢਾਪੇ ਦੇ ਵਿਚ ਇਹ ਸੰਤਾਪ ਹੰਢਾਏ।
ਮਾਂ ਕਹਿੰਦੀ ਪੁੱਤ ਇਹ ਵੀ ਦਿਨ ਵੇਖਣ ਨੂੰ ਆਏ .....

ਹਰ ਮਾਂ ਕਹਿੰਦੀ ਪੁੱਤ ਵੱਡਾ ਹੋਵੇ ਮਾਂ ਦਾ ਬਣੇ ਸਹਾਰਾ,
ਕੋਈ ਕੁਝ ਵੀ ਕਹੇ ਪੁੱਤ ਮਾਂ ਨੂੰ ਸਭ ਤੋਂ ਵੱਧ ਪਿਆਰਾ।

# ਮਰਨਾ ਸੱਚ ਜੀਊਣਾ ਝੂਠ

ਦੁੱਖ ਨਾ ਲੱਗਣ ਨਾਲ ਦਰੱਖਤਾਂ ਕਰਮਾਂ ਦਾ ਫਲ ਕਹਿੰਦੇ,
ਸੁਖ ਨਾ ਵਿਕਦੇ ਵਿੱਚ ਬਜ਼ਾਰਾਂ ਕਹਿੰਦੇ ਕਰਮ ਕਮਾਉਣੇ ਪੈਂਦੇ,
ਉਹਨਾਂ ਵੀ ਇਕ ਦਿਨ ਛੱਡ ਜਾਣਾ ਜੋ ਸਾਹਾਂ ਨਾਲ ਸਾਹ ਲੈਂਦੇ।

ਆਵਾਗੌਣ ਦਾ ਚੱਕਰ ਇਹ ਸੰਸਾਰ ਕੋਈ ਆਉਂਦਾ ਕੋਈ ਜਾਂਦਾ,
ਮਰਨਾ ਸੱਚ ਜੀਊਣਾ ਝੂੱਠ ਨਹੀਂ ਜੱਗ 'ਤੇ ਸਦਾ ਕੋਈ ਰਹਿੰਦਾ।

ਸਰੀਰ ਦੁੱਖਾਂ ਸੁੱਖਾਂ ਦਾ ਬਣਿਆ ਅੰਤ ਦੁੱਖਾਂ ਵਿਚ ਸਮਾ ਜਾਣਾ,
ਇਕ ਦਿਨ ਮਾਰ ਉਡਾਰੀ ਜਾਣਾ ਮਨ ਸਤਿਗੁਰ ਦਾ ਭਾਣਾ।

ਅਟੱਲ ਸੱਚਾਈ ਗਾਗਰ ਵਿਚ ਸਾਗਰ ਸਮਾ ਨਹੀਂ ਸਕਦਾ,
ਮੌਤ ਅਟੱਲ ਇਹਨਾਂ ਸਵਾਸਾਂ ਨੂੰ ਕੋਈ ਵਧਾ ਨਹੀਂ ਸਕਦਾ।

ਕਿੰਨੀ ਬੀਤੀ ਕਿੰਨੀ ਬਾਕੀ ਮਨੁੱਖ ਨੂੰ ਇਹੋ ਹਿਸਾਬ ਖਾ ਜਾਂਦਾ,
ਰਿਸ਼ਤੇਦਾਰੀ ਨਹੀਂ ਨਿਭ ਸਕਦੀ ਜਦੋਂ ਅੰਤ ਨੇੜੇ ਆ ਜਾਂਦਾ।

ਇਕੱਲੇ ਆਏ ਇਕੱਲੇ ਤੁਰ ਜਾਣਾ ਇਹ ਕੁਦਰਤ ਦਾ ਦਸਤੂਰ,
ਉਹਦਾ ਭਾਣਾ ਵਰਤ ਹੀ ਜਾਣਾ ਨਹੀਂ ਕਿਸੇ ਦਾ ਕੋਈ ਕਸੂਰ।

ਜੀਉਂਦਿਆਂ ਨਹੀਂ ਮੁੱਕਦੀ ਮੇਰੀ ਮੇਰੀ ਮੋਇਆਂ ਮਿੱਟੀ ਦੀ ਢੇਰੀ,
ਵਡਮੁੱਲਾ ਜਨਮ ਇਹ ਬੀਤ ਗਿਆ ਮੁੜ ਨਹੀਂ ਲੱਗਣੀ ਫੇਰੀ।

# ਗਮਨੀਕ ਪਲ

ਮਾਂ ਬਾਪ ਖ਼ੁਸ਼ੀ ਮਨਾਈ ਤੇਰੇ ਆਉਣ ਨਾਲ,
ਜਾਣ ਦੀ ਗਮੀ 'ਚ ਸ਼ਰੀਕ ਸਮਾਜ ਸਾਰਾ,
ਆਸ ਦਾ ਦੀਵਾ ਬੁੱਝ ਗਿਆ ਤੇਰੇ ਜਾਣ ਨਾਲ।

ਤੂੰ ਤੁਰ ਗਿਉਂ ਆਪਣਾ ਛੱਡ ਸਫ਼ਰ ਅਧੂਰਾ,
ਮਜ਼ਦੂਰ ਵਰਗ ਦੇ ਹੱਕਾਂ ਲਈ ਲੜਦਾ ਰਿਹਾ,
ਜ਼ਿੰਦਗੀ ਦਾ ਮਕਸਦ ਨਾ ਕਰ ਸਕਿਉਂ ਪੂਰਾ।

ਆਪਣੀ ਵਿਚਾਰਧਾਰਾ ਦੇ ਮੋਤੀਆਂ ਦੀ ਮਾਲਾ,
ਹਰ ਜਾਗਰੂਪ ਮਜ਼ਦੂਰ ਦੇ ਹੱਥ ਫੜਾ ਗਿਆ,
ਕਾਮਿਆਂ ਦੇ ਅੰਦੋਲਨ ਦਾ ਖੋਲ੍ਹ ਕੇ ਬੰਦ ਤਾਲਾ।

ਸਰੀਰ ਖ਼ਾਕ ਬਣ ਰਸਮਾਂ ਦੀ ਬਲੀ ਚੜ੍ਹ ਗਿਆ,
ਤੇਰੀਆਂ ਲਿਖਤਾਂ ਤੇ ਵਿਚਾਰਾਂ ਨੇ ਮਰਨਾ ਨਹੀਂ,
ਕਾਮਿਆਂ ਲਈ ਦਿਸ਼ਾ ਮਾਰਗ ਦਾ ਕੰਮ ਕਰ ਗਿਆ।

ਪੂੰਜੀਵਾਦ ਨੂੰ ਕੋਸਣਾ ਮਜ਼ਦੂਰ ਵਰਗ ਨਾਲ ਯਾਰੀ,
ਮਜ਼ਦੂਰਾਂ ਦੇ ਹੱਕਾਂ ਲਈ ਜ਼ਿੰਦਗੀ ਲੇਖੇ ਲਾ ਦਿੱਤੀ,
ਤਰਕ, ਦਲੀਲ ਨੂੰ ਜੋੜ ਕੇ ਪੂੰਜੀਵਾਦ 'ਤੇ ਸੱਟ ਮਾਰੀ।

ਲੋਕ ਤੇਰੀਆਂ ਰਚਨਾਵਾਂ ਪੜ੍ਹਨਗੇ ਯਾਦ ਕਰਨਗੇ,
ਤੇਰੇ ਪਾਏ ਪੂਰਨਿਆਂ 'ਤੇ ਚੱਲਣ ਦੀ ਪ੍ਰੇਰਨਾ ਲੈਣਗੇ,
ਮਜ਼ਦੂਰਾਂ ਦੇ ਹਿੱਤਾਂ ਲਈ ਪੈਰ ਪਿੱਛੇ ਨਹੀਂ ਧਰਨਗੇ।

# ਗੁਰਦਵਾਰਿਆਂ ਦਾ ਸਤਿਕਾਰ

ਕੀ ਸਿਫ਼ਤ ਕਰਾਂ ਗੁਰੂ ਦੇ ਸੁੰਦਰ ਮੁਨਾਰਿਆਂ ਦੀ,
ਗੁਰੂ-ਘਰ ਦੇ ਉਹਨਾਂ ਸੇਵਾਦਾਰਾਂ ਦੇ ਕਾਰਿਆਂ ਦੀ।

ਧਰਮ ਦੇ ਰਾਖੇ ਉਹ ਸਿੱਖੀ ਦੀ ਕਦੀ ਗੱਲ ਨਾ ਕਰਨ,
ਮਰਿਆਦਾ ਛਿੱਕੇ ਟੰਗ ਇਕ ਦੂਜੇ ਨਾਲ ਪੈਂਦੇ ਲੜਨ।

ਕੀ ਆਸ ਇਹਨਾਂ ਤੋਂ, ਕਰਨਗੇ ਸਿੱਖੀ ਦਾ ਪ੍ਰਚਾਰ,
ਇਹਨਾਂ ਨੂੰ ਤਾਂ ਗੁਰੂ-ਘਰ ਦੀ ਗੋਲਕ ਨਾਲ ਪਿਆਰ।

ਗੁਰੂ-ਘਰਾਂ ਵਿਚ ਸਿੱਖੀ ਕਕਾਰਾਂ ਦੀ ਗੱਲ ਨਾ ਕਰਦੇ,
ਗੁਰਦਵਾਰਿਆਂ ਦੀ ਪ੍ਰਧਾਨਗੀ ਲਈ ਰਹਿੰਦੇ ਲੜਦੇ।

ਗੁਰਦਵਾਰਿਆਂ ਦਾ ਪੈਸਾ ਨਿੱਜੀ ਹਿੱਤਾਂ ਲਈ ਵਰਤਣ,
ਕਹਿ ਦੇਵੋ ਤੇਜ ਹੋ ਜਾਵੇ ਇਹਨਾਂ ਦੇ ਦਿਲ ਦੀ ਧੜਕਣ।

ਵੇਖ ਕੇ ਇਹ ਅਜੀਬ ਗੱਲ ਹੈਰਾਨ ਬੜਾ ਹੋਇਆ,
ਜਦੋਂ ਗੋਲਕ ਤੇ ਸਕਿਉਰਟੀ ਕੈਮਰਿਆਂ ਨੇ ਥਾਂ ਲਈ!

ਸਭ ਜਾਣਦੇ ਗੁਰਦਵਾਰਿਆਂ ਅੰਦਰ ਅੰਦਰੂਨੀ ਜੰਗ,
ਪਵਿੱਤਰਤਾ ਭੰਗ ਕਰਦੇ ਮਰਿਆਦਾ ਨੂੰ ਛਿੱਕੇ ਟੰਗ।

ਇਹਨਾਂ ਨੂੰ ਸਮਝਣ ਆਪਣੇ ਮਾਣ-ਸਤਿਕਾਰ ਦਾ ਚਿੰਨ੍ਹ,
ਦਖ਼ਲ ਅੰਦਾਜ਼ੀ ਨਾਲ ਨਹੀਂ ਰਹਿੰਦੇ ਇਸ ਸ਼ੁਹਰਤ ਬਿਨ।

ਕੌਣ ਸਿਖਾਵੇ ਸਾਨੂੰ ਕਰਨਾ ਸਤਿਕਾਰ ਗੁਰੂ-ਘਰ ਦਾ,
ਗੁਰਦਵਾਰਿਆਂ ਦੀ ਮਰਿਆਦਾ ਭੰਗ ਹੁੰਦੀ ਮਨ ਭਰਦਾ!

ਗੋਲਕ ਤੋਂ ਬਿਨਾਂ ਨਹੀਂ ਫਿਰ ਸਿੱਖੀ ਦਾ ਕੋਈ ਧਿਆਲ,
ਸਿਆਸਤ ਦਾ ਗੁਰੂ-ਘਰਾਂ ਵਿਚ ਵਿੱਛਿਆ ਹੋਇਆ ਜਾਲ।

# ਪੁੱਤ ਦਾ ਫ਼ਰਜ

ਜਦੋਂ ਅੱਜ ਵੀ ਕਦੇ ਬਚਪਨ ਚੇਤੇ ਆਉਂਦਾ,
ਬਾਪੂ ਦੀ ਮਿਹਨਤ ਅੱਗੇ ਮੇਰਾ ਸਿਰ ਝੁਕਾਉਂਦਾ।

ਪੁੱਤ ਬਾਪੂ ਦਾ, ਬਾਪੂ ਆਪਣੇ ਬਾਪੂ ਦਾ ਕਰਜ਼ਾਈ,
ਜੁੱਗਾਂ ਜੁਗੰਤਰ ਰੀਤ ਇਹ ਜੱਗ 'ਤੇ ਚਲੀ ਆਈ।

ਸਕੇ ਸੰਬੰਧੀ ਹੋਰ ਬਥੇਰੇ ਨਹੀਂ ਕਰਜ਼ ਦੇ ਸਾਂਝੀਵਾਲ,
ਜੱਦੀ-ਪੁਸ਼ਤੀ ਕਰਜ਼ ਪਿਉ-ਪੁੱਤ ਇਸ ਦੇ ਭਾਈਵਾਲ।

ਦੁੱਖ ਵੰਡ ਜਾਂਦਾ ਇਹ ਕਰਜ਼ ਵੰਡਾਇਆਂ ਨਾ ਵੰਡਦਾ,
ਵੱਸਦੇ ਰਹਿਣ ਜਿਨ੍ਹਾਂ ਦੇ ਸਿਰੀਂ ਇਹ ਕਰਜ਼ ਹੰਢਦਾ।

ਬਾਪੂ ਦਾ ਨਾ ਦੇਣ ਦੇ ਸਕਾਂ ਮੰਗਾਂ ਰੱਬ ਦੀਆਂ ਰੱਖਾਂ,
ਬਾਪੂ ਤੋਂ ਨਾ ਮੰਗਾਂ ਕੁਝ ਕਰਜ਼ ਬਾਪੂ ਦਾ ਉਤਾਰ ਸਕਾਂ।

ਬਾਪੂ ਦੀ ਉਮਰ ਲੰਮੀ ਹੋਵੇ ਮੰਗਾਂ ਉਹਦੀਆਂ ਸੁੱਖਾਂ,
ਲੱਖ ਕੋਸ਼ਿਸ਼ਾਂ ਕਰਾਂ ਬਾਪੂ ਦਾ ਕਦੀ ਦੇਣ ਨਾ ਦੇ ਸਕਾਂ।

ਬਾਪੂ ਦਾ ਮਾਣ-ਸਤਿਕਾਰ ਇਹ ਪੁੱਤਰ ਦਾ ਕਰਜ਼,
ਐਸਾ ਕਰਜ਼ ਹਰ ਪੁੱਤਰ ਦਾ ਇਹ ਬਣਦਾ ਫ਼ਰਜ਼।

# ਬੁਢਾਪਾ

ਸੁਣ ਬੁਢਾਪੇ ਦੀ ਦਰਦ ਕਹਾਣੀ ਦਿੱਤਾ ਦਿਲ ਹਿਲਾ,
ਨਾ ਵੇਖਣ ਦੇਵੀਂ ਬੁਢਾਪਾ ਰੱਬਾ ਪਹਿਲਾਂ ਲਈਂ ਬੁਲਾ।

ਸਵਰਗ ਤੇ ਨਰਕ ਦੋਵੇਂ ਏਥੇ ਘਰ-ਘਰ ਇਹੋ ਹਾਲ,
ਬੁਢਾਪੇ ਦੇ ਵਿਚ ਧੀਆਂ-ਪੁੱਤ ਨਾ ਕਰਨ ਖਿਆਲ।

ਬੁੱਢਾ ਹੋਇਆ ਸਰੀਰ ਫਿਰ ਕੰਬਣ ਲੱਗੀ ਦੇਹ,
ਬਾਪੂ ਕਹਿੰਦਾ ਵੇਖਣ ਨੂੰ ਆਉਣੇ ਸੀ ਦਿਨ ਏਹ।

ਘਰ ਨਾ ਬਾਪੂ ਨੂੰ ਦੋ ਡੰਗ ਦੀ ਰੋਟੀ ਖੁਆਉਣ,
ਗੁਰਦੁਆਰੇ ਵਿਚ ਛਬੀਲਾਂ ਲੰਗਰ ਲਗਾਉਣ।

ਕਿੰਨਾ ਚੰਗਾ ਹੋਵੇ ਜੇ ਭਰਿਆ ਮੇਲਾ ਛੱਡ ਜਾਈਏ,
ਔਖਾ ਵਕਤ ਨਾ ਵੇਖੀਏ ਨਾ ਕਿਸੇ ਨੂੰ ਵਿਖਾਈਏ।

ਸਦਾ ਨਹੀਂ ਰਹਿਣਾ ਆਪਣੇ ਆਪ ਨੂੰ ਸਮਝਾਈਏ,
ਆਪਣੇ ਬਣ ਜਾਣ ਪਰਾਏ ਕਿਹਨੂੰ ਦੁੱਖ ਸੁਣਾਈਏ?

ਕਾਰਾਂ ਕੋਠੀਆਂ ਚੰਗੇ ਘਰ ਬਾਹਰ ਬਾਪੂ ਦਿੱਤੇ ਬਣਾ,
ਨੱਬੇ ਸਾਲਾ ਬਾਪੂ ਘਰ ਵਿਚ ਹੁਣ ਬੈਠਣ ਨੂੰ ਲੱਭੇ ਥਾਂ।

ਕਹਿੰਦੇ ਵੰਡ-ਵੰਡਾਈ ਕਰਦੇ, ਬਾਪੂ ਦੀ ਨਾ ਲੈਂਦੇ ਸਾਰ,
ਸਵਰਗ ਸਿਧਾਰ ਗਈ ਉਹ ਛੱਡ ਅੱਧ-ਵਿਚਕਾਰ।

ਕਿਸਮਤ ਨੂੰ ਕੋਸੇ ਕਹਿੰਦਾ ਲੈ ਜਾਣਾ ਸੀ ਮੈਨੂੰ ਨਾਲ,
ਘਰ ਵਿਚ ਤੇਰੇ ਬਿਨ ਨਾ ਮੇਰਾ ਰੱਖੇ ਕੋਈ ਖਿਆਲ।

# ਨਹੀਂ ਪਹਿਲਾ ਪੰਜਾਬ ਰਿਹਾ

ਪੰਜ ਦਰਿਆਵਾਂ ਦੀ ਧਰਤੀ ਵੇਖੋ ਛੇਵੇਂ ਦਰਿਆ ਦੀ ਭਰਤੀ।
ਬੁਰਾਈਆਂ ਭਾਰੂ ਛੇਵੇਂ ਦਰਿਆ ਵਿਚ ਲੱਭਦਾ ਦਾਰੂ ਹੀ ਦਾਰੂ।

ਵੰਡ ਨੇ ਦੋ ਰਾਜ ਹੋਰ ਬਣਾਏ ਇਸ ਵੰਡ ਨੇ ਹੋਰ ਪੁਆੜੇ ਪਾਏ,
ਪਾਣੀ, ਬਿਜਲੀ ਤੇ ਰਾਜਧਾਨੀ ਦੇ ਮਸਲੇ ਫਿਰ ਸਾਹਮਣੇ ਆਏ।

ਹਰਿਆਣਾ ਅਤੇ ਪੰਜਾਬ ਨੇ ਇਸ 'ਤੇ ਆਪੋ ਆਪਣੇ ਹੱਕ ਜਤਾਏ,
ਦਰਿਆਵਾਂ ਦੇ ਪਾਣੀਆਂ ਦੇ ਬਣੇ ਕਾਨੂੰਨ ਨੂੰ ਕੌਣ ਲਾਗੂ ਕਰਵਾਏ।

ਪੰਜਾਹ ਸਾਲਾਂ ਤੋਂ ਵੱਧ ਹੋ ਗਏ ਚੰਡੀਗੜ੍ਹ ਦਾ ਮਸਲਾ ਉੱਥੇ ਪਿਆ,
ਹਰਿਆਣੇ ਨਾਲ ਪੰਜਾਬ ਵੀ ਇਸ ਨੂੰ ਪਾਉਣ ਲਈ ਤੜਪ ਰਿਹਾ।

ਬਿਜਲੀ ਪੈਦਾ ਕਰੇ ਪੰਜਾਬ ਕਿਉਂ ਦਿੱਲੀ ਰੱਖੇ ਹਿਸਾਬ-ਕਿਤਾਬ,
ਪੰਜਾਬ ਵਿਚ ਕੱਟ ਬਥੇਰੇ ਸਰਦੀ ਜਾਂ ਗਰਮੀ ਸੌਂਦੇ ਵਿਚ ਹਨੇਰੇ।

ਪੰਜਾਬ ਪੁਰਾਣਾ ਸ਼ਿਮਲੇ ਤੋਂ ਦਿੱਲੀ ਤਕ ਆਉਂਦਾ ਹਰਿਆਣਾ।
ਪੰਜਾਬ ਛੋਟਾ ਹੋ ਗਿਆ ਨੌਜਵਾਨ ਨਸ਼ਿਆਂ ਵਿਚ ਡੁਬੋ ਗਿਆ।

ਨਸ਼ਾ ਖੇਤਾਂ ਵਿਚ ਨਾ ਉੱਗਦਾ ਕਿੱਥੋਂ ਆਵੇ ਕੌਣ ਕਰੇ ਪੜਤਾਲ,
ਨਿੱਜੀ ਹਿੱਤਾਂ ਲਈ ਉਹਨਾਂ ਲੋਕਾਂ ਵਿਛਾਇਆ ਨਸ਼ਿਆਂ ਦਾ ਜਾਲ।

ਧਨ ਕਮਾਉਣ ਖ਼ਾਤਿਰ ਇਹ ਲੋਕ ਨਸ਼ੇ ਦਾ ਕਾਰੋਬਾਰ ਕਰਾਉਂਦੇ,
ਅਹੁਦਿਆਂ ਅਤੇ ਸ਼ਕਤੀਆਂ ਦਾ ਨਜਾਇਜ਼ ਫਾਇਦਾ ਉਠਾਉਂਦੇ।

ਪੰਜਾਬ ਨੂੰ ਖੇਤੀ ਪ੍ਰਧਾਨ ਅਤੇ ਸਨਅਤੀ ਸੂਬੇ ਦਾ ਨਾਂ ਦੇਂਦੇ ਸੀ,
ਇਹੋ ਹੀ ਕਾਰਨ ਪੰਜਾਬ ਨੂੰ ਸੋਨੇ ਦੀ ਚਿੜੀਆ ਕਹਿੰਦੇ ਸੀ,
ਮਿਹਨਤੀ ਪੰਜਾਬ ਦੇ ਸਾਰੇ ਲੋਕ ਨਸ਼ਿਆਂ ਤੋਂ ਮੁਕਤ ਰਹਿੰਦੇ ਸੀ।

# ਇਹ ਵਤਨ ਹਮਾਰਾ

ਸ਼ਹੀਦਾਂ ਦੀ ਚਿਤਾਉਂ ਪਰ ਲਗੇਂਗੇ ਹਰ ਬਰਸ ਮੇਲੇ,
ਜੀਵਨ ਦੀ ਪਰਵਾਹ ਨਾ ਕਰਕੇ ਮੌਤ ਨਾਲ ਜੋ ਖੇਲੇ।

ਜ਼ਿੰਦਗੀ ਨਾਲੋਂ ਵੱਧ ਉਹਨਾਂ ਨੂੰ ਸੀ ਵਤਨ ਪਿਆਰਾ,
ਛੱਡ ਜਾਉ ਤੇ ਚੰਗਾ ਅੰਗ੍ਰੇਜ਼ੋ ਇਹ ਵਤਨ ਹੈ ਹਮਾਰਾ।

ਭਰੀ ਜਵਾਨੀ ਕਸਮਾਂ ਖਾਧੀਆਂ ਇਹਨਾਂ ਲਾਲਾਂ ਨੇ,
ਪੁੱਛਣਾ ਚਾਹੇ ਕੋਈ ਜਵਾਬ ਦੇਵਾਂਗੇ ਉਹਨਾਂ ਸਵਾਲਾਂ ਦੇ।

ਮਾਤ-ਭੂਮੀ ਸਾਡੀ ਆਪਣੀ ਅੰਗ੍ਰੇਜ਼ਾਂ ਦਾ ਕੋਈ ਹੱਕ ਨਹੀਂ,
ਲੁੱਟ ਮਚਾਈ ਬਥੇਰੀ ਇਸ ਵਿਚ ਕੋਈ ਸ਼ੱਕ ਨਹੀਂ।

ਅੱਤਿਆਚਾਰ ਕਰਨਾ ਇਹਨਾਂ ਦੇ ਹੱਡਾਂ ਵਿਚ ਰਚਿਆ,
ਸ਼ਾਂਤਮਈ ਜਲਸੇ ਕਰਕੇ ਕਈ ਵਾਰ ਅਸੀਂ ਦੱਸਿਆ।

ਭਾਰਤ ਸਾਡਾ, ਨਹੀਂ ਹੱਕ ਤੁਹਾਡਾ ਛੱਡ ਜਾਓ ਤੇ ਚੰਗਾ,
ਆਜ਼ਾਦੀ ਲਈ ਮਰ-ਮਿਟਾਂਗੇ ਨਾ ਲਿਉ ਫਿਰ ਕੋਈ ਪੰਗਾ।

ਸਬਰ ਪਿਆਲਾ ਭਰਿਆ ਹੋਰ ਪਰਖਣ ਦੀ ਕੋਸ਼ਿਸ਼ ਨਾ ਕਰੋ,
ਤੁਹਾਡੀ ਭਲਾਈ ਏਸੇ ਵਿਚ ਵਾਪਸੀ ਲੰਡਨ ਦਾ ਰਸਤਾ ਫੜੋ।

ਉੱਨੀ ਸੌ ਸੰਤਾਲੀ ਵਿਚ ਭਾਰਤ ਛੱਡਣਾ ਕਹਿ ਸੁਣਾਇਆ,
ਭਾਰਤ ਦੇ ਦੋ ਟੁਕੜੇ ਕਰ ਪਾਕਿਸਤਾਨ ਮੁਲਕ ਬਣਾਇਆ।

# ਤੇਰੀ ਲੀਲ੍ਹਾ

ਤੇਰੀ ਲੀਲ੍ਹਾ ਦਾ ਕਿਨੇ ਅੰਤ ਨਾ ਪਾਇਆ,
ਨਹੀਂ ਕੋਈ ਥਾਂ ਜਿੱਥੇ ਨਹੀਂ ਤੇਰਾ ਛਾਇਆ।

ਕੱਖੋਂ ਲੱਖ ਲੱਖੋਂ ਕੱਖ ਇਹ ਸਭ ਤੇਰਾ ਖੇਲ,
ਵੱਸ ਨਾ ਚੱਲੇ ਤੇਰੇ ਅੱਗੇ ਆਪੇ ਖੇਲੇਂ ਸਭ ਖੇਲ।

ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ,
ਉਹ ਵੀ ਤੇਰੇ ਬੰਦੇ ਫਿਰਦੇ ਵਾਂਗ ਭਿਖਾਰੀ।

ਤੇਰੀ ਕੁਦਰਤ, ਤੂੰ ਆਪਣੇ ਖੇਲ ਰਚਾਉਂਦਾ,
ਕੁਝ ਦੀਆਂ ਤੂੰ ਕੋਠੀਆਂ ਭਰੀ ਰਖਾਉਂਦਾ।

ਕੀ ਕਹਾਂ ਤੇਰੀ ਲੀਲ੍ਹਾ ਬਾਰੇ, ਤੂੰ ਜਾਣੀ-ਜਾਣ,
ਇਕ ਨੂੰ ਗ਼ਰੀਬੀ ਇਕ ਨੂੰ ਹੱਦੋਂ ਵੱਧ ਮਾਣ।

ਫੋਕਾ ਮਾਣ ਕਰਨੀ ਦਾ ਭੁਲੇਖੇ ਵਿਚ ਰਹਿੰਦਾ,
ਤੇਰਾ ਭਾਣਾ ਮਿੱਠਾ ਕਹਿ ਕੇ ਸਭ ਨੂੰ ਮੰਨਣਾ ਪੈਂਦਾ।

ਮੈਂ ਕੱਲਾ ਨਹੀਂ ਇਹ ਸਾਰੀ ਦੁਨੀਆਂ ਕਹਿੰਦੀ,
ਇਹ ਸੱਚਾਈ ਸਭ ਦੇ ਜ਼ਿਹਨ ਵਿਚ ਨਹੀਂ ਪੈਂਦੀ।

ਅਪਰ ਅਪਾਰ ਸੱਚੇ ਪਾਤਸ਼ਾਹ ਵਾਹਿਗੁਰੂ ਮੇਰੇ!
ਤੇਰੀ ਕਿਰਪਾ ਗੁਣ ਗਾਵਾਂ ਦਿਨ ਰਾਤ ਤੇਰੇ!

# ਸਾਬਤ-ਸੂਰਤ ਸਿੱਖ

ਚੇਤਨਾ ਦੇ ਸਮੁੰਦਰ 'ਚੋਂ ਕਰ ਇਕੱਠੀਆਂ ਲਹਿਰਾਂ,
ਕਲਗੀਧਰ ਨੇ ਇਹਨਾਂ ਨੂੰ ਕੇਸਾਂ ਦਾ ਦਿੱਤਾ ਨਾਂ,
ਜਿਵੇਂ ਬੱਚੇ ਦੇ ਕੇਸ ਇਕੱਠੇ ਕਰ ਸਵਾਰਦੀ ਮਾਂ,
ਕੰਘਾ ਵਾਹ ਲਹਿਰਾਂ ਵਿਚ ਜੂੜੇ ਨੂੰ ਦਿੱਤਾ ਥਾਂ।

ਸਿੱਖ ਜੂੜੇ ਦਾ ਧਾਰਨੀ ਉਸਦੀ ਇਹ ਨਿਸ਼ਾਨੀ,
ਉਹ ਨਹੀਂ ਝੱਲਦਾ ਕਦੀ ਇਸ ਦੀ ਮਾਣ-ਹਾਨੀ।

ਪੰਜ ਕਕਾਰ ਸਿੱਖ ਲਈ ਸਿੱਖੀ ਦਾ ਪਹਿਰਾਵਾ,
ਸਾਬਤ-ਸੂਰਤ ਸਿੱਖ ਹੋਣ ਦਾ ਕਰਨ ਪਰਗਟਾਵਾ।

ਬਾਦਸ਼ਾਹ ਸਿਰ ਤਾਜ ਨਹੀਂ, ਸ਼ਾਹੀ ਸਰਕਾਰ ਨਹੀਂ,
ਕੇਸਾਂ ਤੇ ਦਸਤਾਰ ਬਿਨਾਂ ਸਿੱਖ ਸਰਦਾਰ ਨਹੀਂ।

"ਜੂਝ ਮਰੂੰ ਕਬੀ ਨਾ ਡਰੂੰ" ਸਿੱਖ ਦਾ ਇਹ ਖਿਆਲ,
ਭਾਈ ਤਾਰੂ ਸਿੰਘ ਦੀ ਸ਼ਹਾਦਤ ਬਣੀ ਇਕ ਮਿਸਾਲ।

ਜ਼ਕਰੀਏ ਕਿਹਾ ਸਿੱਖੀ ਛੱਡ ਇਸਲਾਮ ਕਬੂਲ ਕਰ ਲਾ,
ਕੀ ਮਿਲਣਾ ਸਿੱਖੀ ਤੋਂ, ਛੱਡ ਇਸਲਾਮ ਦਾ ਲੜ ਫੜ ਲਾ।

ਸਿੱਖੀ ਸਰੂਪ ਦਾ ਤਿਆਗ ਕਰ ਦੇ ਏਸੇ ਵਿਚ ਹਿੱਤ ਤੇਰਾ,
ਜਾਨ ਬਖਸ਼ ਦੇਵਾਂਗਾ, ਜੇ ਤੂੰ ਕਹਿਣਾ ਮਨ ਲਵੇਂ ਮੇਰਾ।

ਸਿੱਖੀ ਸਿਦਕ ਹੈ ਮੇਰਾ, ਸਿੰਘ ਕੜਕ ਕੇ ਅੱਗੋਂ ਬੋਲਿਆ,
ਲਾਹ ਦੇ ਖੋਪਰੀ ਕੇਸਾਂ ਸਮੇਤ ਕਹਿੰਦਾ, ਫਿਰ ਨਾ ਡੋਲਿਆ।

ਸਿੱਖ ਅਰਦਾਸ ਵੇਲੇ ਮੁਖ ਤੋਂ ਸਿੱਖੀ ਦੀ ਦਾਤ ਮੰਗਦਾ,
ਸਿੱਖੀ ਕੇਸਾਂ-ਸਵਾਸਾਂ ਸੰਗ ਨਿਭੇ, ਇਹੋ ਸੁਗਾਤ ਮੰਗਦਾ।

ਸਿੱਖੀ ਸਰੂਪ ਨੂੰ ਨਾ ਆਂਚ ਆਵੇ ਇਹ ਵਰਦਾਨ ਮੰਗਦਾ,
ਸਿਦਕ ਦਾ ਬੇੜਾ ਪਾਰ, ਸਿੰਘ ਇਮਤਿਹਾਨ ਦੌਰਾਨ ਮੰਗਦਾ।

ਜ਼ਕਰੀਏ ਕੇਸਾਂ ਸਮੇਤ ਖੋਪਰੀ ਲਾਹੁਣ ਦੇ ਫਿਰ ਹੁਕਮ ਦਿੱਤੇ,
ਭਾਈ ਤਾਰੂ ਸਿੰਘ ਬੋਲੇ, ਦਿਉ ਸ਼ਕਤੀ, ਡੋਲ ਨਾ ਜਾਵਾਂ ਕਿਤੇ!

# ਸਾਡਾ ਭਾਰਤ ਮਹਾਨ

ਆਮ ਲੋਕਾਂ ਨੂੰ ਤੜਫਾਏ ਮਹਿੰਗਾਈ,
ਮੁਸ਼ਕਿਲ ਹੋ ਜਾਵੇ ਰੋਜ਼ ਡੰਗ-ਟਪਾਈ।

ਨੇਤਾਵਾਂ ਨੂੰ ਇਹ ਕਦੀ ਡੰਗ ਨਾ ਮਾਰੇ,
ਰਲ ਆਪਣੇ ਸ਼ੌਂਕ ਉਡਾਉਣ ਇਹ ਸਾਰੇ।

ਸਾਡਾ ਭਾਰਤ ਮਹਾਨ ਇਹ ਸਭ ਕਹਿੰਦੇ,
ਆਪ ਆਲੀਸ਼ਾਨ ਕੋਠੀਆਂ ਵਿਚ ਰਹਿੰਦੇ।

ਖਾਲੀ ਪੇਟ ਜੋ ਸੌਂਦੇ ਉਹ ਵੀ ਇਨਸਾਨ,
ਨੇਤਾਵਾਂ ਦਾ ਇਹਨਾਂ ਵੱਲ ਨਾ ਜਾਵੇ ਧਿਆਨ।

ਸਿਰ 'ਤੇ ਛੱਤ ਨਾ, ਪੈਰੋਂ ਨੰਗੇ ਫੁਟਪਾਥ 'ਤੇ ਸੌਂਦੇ,
ਨੇਤਾ ਸਾਡਾ ਭਾਰਤ ਮਹਾਨ ਦਾ ਰੌਲਾ ਪੌਂਦੇ।

ਪੁੱਛੋ ਇਹਨਾਂ ਨੂੰ ਸੱਚਾਈ ਕਿਉਂ ਲੁਕਾਉਂਦੇ,
ਚੋਣਾਂ ਵੇਲੇ ਗ਼ਰੀਬ ਦੀ ਸਾਰ ਲਵਾਂਗੇ ਰੌਲਾ ਪਾਉਂਦੇ।

ਗ਼ਰੀਬ ਅਤੇ ਅਮੀਰ ਵਿਚ ਪਾੜਾ ਵੀ ਇਹੋ ਪਾਉਂਦੇ,
ਸਾਡਾ ਭਾਰਤ ਮਹਾਨ ਹੋਣ ਦੇ ਫਿਰ ਨਾਹਰੇ ਲਾਉਂਦੇ।

ਕੀ ਬਣੇਗਾ ਜਿਸ ਦੇਸ਼ ਦੇ ਨੇਤਾ ਕਹਾਉਣ ਮਹਾਨ,
ਕਿੰਨਾ ਮਹਾਨ? ਰੋਜ਼ ਸਟੇਜਾਂ ਤੋਂ ਝੂਠੇ ਦੇਣ ਬਿਆਨ।

ਕੀ ਬਣੇਗਾ ਉਸ ਦੇਸ਼ ਦਾ ਜਿਥੇ ਵਾੜ ਖੇਤ ਨੂੰ ਖਾਵੇ,
ਕਾਲੇ ਧਨ ਦਾ ਬੋਲ-ਬਾਲਾ ਵਿਚ ਵਿਦੇਸ਼ੀ ਬੈਂਕਾਂ ਜਾਵੇ।

ਜਿਸ ਮੁਲਕ ਦਾ ਐਸਾ ਹਾਲ ਉਸ ਦਾ ਰਾਖਾ ਰੱਬ,
ਪੱਥਰ-ਦਿਲ ਨੇਤਾ ਰੱਬ ਦੇ ਆਸਰੇ ਜੀਉਂਦੇ ਸਭ।

# ਵਸੀਅਤ

ਘੱਲੇ ਆਏ ਨਾਨਕਾ ਸੱਦੇ ਉੱਠ ਜਾਹਿ ਵਾਲੇ ਪੈ ਗਿਆ ਰਾਹ,
ਹੋਣੀਹਾਰ ਮਿਟਾਵੇ ਕੌਣ? ਤੁਰ ਪਿਆ ਰਾਹ ਲੈ ਆਖਰੀ ਸਾਹ।

ਮੇਰੀ ਮੌਤ 'ਤੇ ਰੋਇਉ ਨਾ ਮੇਰੀ ਗੱਲ ਦਾ ਅਹਿਸਾਸ ਕਰਿਉ,
ਮੈਂ ਮੁੜ ਕੁਝ ਵੇਖਣਾ ਨਹੀਂ ਮੇਰੀ ਗੱਲ 'ਤੇ ਵਿਸ਼ਵਾਸ ਕਰਿਉ!

ਮੇਰੇ ਗੁਣਾਂ ਨੂੰ ਛੱਡ ਕੇ ਔਗੁਣਾਂ ਦੀ ਭਾਵੇਂ ਨੁਮਾਇਸ਼ ਲਾ ਲਿਉ,
ਪ੍ਰਾਪਤੀਆਂ ਨੂੰ ਛੱਡ ਕੇ ਅਸੱਫਲਤਾਵਾਂ ਦਾ ਮੀਂਹ ਵਰਾ ਦਿਉ।

ਵੇਖ ਕੇ ਮੇਰੀਆਂ ਡਿੱਗਰੀਆਂ ਨਾ ਗਿਆਨ ਦੇ ਵਰਕੇ ਫਰੋਲਿਉ,
ਮੇਰੀ ਹੈਸੀਅਤ ਦਾ ਜ਼ਿਕਰ ਨਾ ਕਰਕੇ ਜੀਵਨ ਨੂੰ ਟੋਹ ਲਿਉ!

ਵੇਖ ਕੇ ਪ੍ਰਾਪਤੀਆਂ ਚੰਗਿਆਈਆਂ ਦੀ ਚਰਚਾ ਨਾ ਕਰਿਉ,
ਮੈਥੋਂ ਹੋਈਆਂ ਭੁੱਲਾਂ ਗ਼ਲਤੀਆਂ ਨੂੰ ਉਛਾਲਣ ਤੋਂ ਨਾ ਡਰਿਉ!

ਮਾਰ ਝਾਤੀ ਜੀਵਨ 'ਤੇ, ਜੀਵਨ ਦਾ ਸਫਰ ਬਿਆਨ ਕਰਿਉ,
ਕਿੱਥੋਂ ਚੱਲ ਕਿੱਥੇ ਆ ਰੁਕਿਆ ਇਸ ਗੱਲ ਦਾ ਧਿਆਨ ਕਰਿਉ!

ਲੱਕੜਾਂ ਦੀ ਵਲਗਣ ਵਿਚ ਕੈਦ ਹੋਣਾ ਮੈਂ ਪਸੰਦ ਨਹੀਂ ਕਰਦਾ,
ਮੇਰੀ ਆਖਰੀ ਖ਼ਾਹਿਸ਼ ਜਿਸ ਤੋਂ ਹਮੇਸ਼ਾ ਹੁੰਦਾ ਸੀ ਡਰਦਾ।

ਜ਼ਿੰਦਗੀ ਨਾ ਮਿਲੇ ਨਹੀਂ ਹੋਣਾ ਚਾਹੁੰਦਾ ਸੀ ਸੜ ਕੇ ਸਵਾਹ,
ਆਖਰੀ ਸੀ ਮੌਕਾ ਜਿਸ ਦਾ ਨਾ ਮਿਲਿਆ ਕੋਈ ਗਵਾਹ।

ਜੀਵਨ ਵਿਚ ਉਤਰਾਅ ਚੜ੍ਹਾਅ ਬਹੁਤ ਆਏ ਵੇਖੇ ਬੜੇ ਚੁਰਾਹੇ,
ਧਰਤੀ ਤੋਂ ਅਸਮਾਨ ਪੁਚਾ ਕੇ ਲਾ ਦਿਤਾ ਬਲਦੀ ਦੇ ਫਾਹੇ।

ਸੱਚੀ ਸ਼ਰਧਾਂਜਲੀ ਵੇਲੇ ਮੇਰੇ ਵਤਨਾਂ ਵੱਲ ਨਿਗਾਹ ਕਰਿਉ,
ਅਸਥੀਆਂ ਨੂੰ ਕਿਤੇ ਚੱਲਦੇ ਪਾਣੀ ਵਿੱਚ ਜਲ ਪ੍ਰਵਾਹ ਕਰਿਉ!

# ਪੁੱਤ ਬਾਪੂ ਦਾ ਕਰਜ਼ਾਈ

ਬਾਪੂ ਦਾ ਕਰਜ਼ ਨਹੀਂ ਜਾਣਾ ਕਦੀ ਚੁਕਾਇਆ,
ਹੱਕ ਦੀ ਮਿਹਨਤ ਕਰ ਬੱਚਿਆਂ ਨੂੰ ਪੜ੍ਹਾਇਆ।

ਬੱਚੇ ਹੋਏ ਜਵਾਨ ਬਾਪੂ ਨਾਲ ਹੱਥ ਵਟਾਇਆ,
ਬਾਪੂ ਦੀ ਚਿੰਤਾ ਹੋਈ ਦੂਰ ਧੀ ਪੁੱਤ ਵਿਆਇਆ।

ਸਾਰੀ ਉਮਰ ਬਾਪੂ ਦਾ ਕਰਜ਼ ਨਹੀਂ ਹੋਣਾ ਮੋੜ,
ਜੁਗਾਂ-ਜੁਗ ਜੀਵੇ ਬਾਪੂ ਜਿਹਾ ਨਾ ਕਿਸੇ ਹੋਣਾ ਹੋਰ।

ਬਾਪੂ ਸਭ ਤੋਂ ਚੰਗਾ ਕਿਵੇਂ ਕੋਈ ਆਖੇ ਉਸਨੂੰ ਮੰਦਾ,
ਪੁੱਤ ਆਪਣੇ ਬਾਪੂ ਦਾ ਸਦਾ ਕਰਜ਼ਾਈ ਰਹਿੰਦਾ।

ਸ਼ਾਹੂਕਾਰ ਦਾ ਕਰਜ਼ ਨਹੀਂ ਜੋ ਵਾਪਸ ਕਰਨਾ ਪੈਂਦਾ,
ਕਰਜ਼ ਹੈ ਉਮਰਾਂ ਦਾ ਜੋ ਮੌਤ ਤੋਂ ਬਾਅਦ ਵੀ ਰਹਿੰਦਾ।

ਬਾਪ ਦਾ ਕਰਜ਼ ਮੋੜਨਾ ਸਾਰਾ ਜੱਗ ਚੰਗਾ ਕਹਿੰਦਾ,
ਕਰਜ਼ ਨਾ ਮੋੜਨ ਵਾਲਾ ਲੋਕਾਂ ਦੀਆਂ ਗੱਲਾਂ ਸਹਿੰਦਾ।

ਆਗਿਆਕਾਰੀ ਮਿਹਨਤੀ ਕਰਜ਼ ਨਾ ਔਖਾ ਲਾਹੁਣਾ,
ਲੱਖ ਖੁਸ਼ਾਮਦਾਂ ਕੋਈ ਕਰੇ ਬਾਪੂ ਜਿਹਾ ਨਾ ਕਿਸੇ ਹੋਣਾ।

ਬਾਪੂ ਦਾ ਨਾਂ ਰੋਸ਼ਨ ਕਰ ਜੱਗ ਦੀ ਮਹਿਮਾ ਲਈਏ,
ਇਹੋ ਕਰਜ਼ ਬਾਪੂ ਦਾ ਭਾਵੇਂ ਸੌ ਸਾਲ ਤਕ ਰਹੀਏ।
ਇਹ ਨਾ ਘਟਦਾ, ਵਾਪਸ ਕਰਨ ਨਾਲ ਸਗੋਂ ਵਧਦਾ।

# ਧੀਆਂ ਦਾ ਸਤਿਕਾਰ

ਧੀ ਪਈ ਪੁਕਾਰਦੀ ਮਾਏ ਨਾ ਮਾਰੀਂ ਮੈਨੂੰ ਵਿਚ ਕੁੱਖ,
ਵਾਇਦਾ ਕਰਾਂ, ਜੰਮਣ ਬਾਅਦ ਨਾ ਦੇਵਾਂ ਕੋਈ ਦੁੱਖ।

ਧੀ ਮੰਗੇ ਸਦਾ ਸੁੱਖ ਮਾਪਿਆਂ ਦੀ ਨੂੰਹ ਵੀ ਬਣ ਜਾਵੇ,
ਮਾਏ ਧੀ ਮਾਰਨ ਲੱਗੀ ਨੂੰ ਤਰਸ ਕਿਉਂ ਨਾ ਆਵੇ?

ਧੀਆਂ ਨੂੰ ਮਾਰ ਕੇ ਕੁੱਖ ਵਿਚ, ਪੁੱਤਾਂ ਦੀ ਵੰਡੇਂ ਲੋਹੜੀ,
ਤੂੰ ਕਰਦੀ ਰਹੀ ਏਦਾਂ ਕਿੱਥੋਂ ਲੱਭੇਂਗੀ ਭੈਣ ਭਰਾ ਦੀ ਜੋੜੀ।

ਭੈਣ-ਭਰਾ ਦੀ ਜੋੜੀ ਬਿਨ ਗਾਊ ਕੌਣ ਵਿਆਹ ਤੇ ਘੋੜੀਆਂ,
ਪੁੱਤ ਨਾ ਗਿਆ ਵਿਆਹਿਆ ਕਿਥੋਂ ਪੋਤਿਆਂ ਦੀਆਂ ਲੋਹੜੀਆਂ?

ਜ਼ਮਾਨਾ ਬਦਲ ਗਿਆ ਹਰ ਮਾਤਾ-ਪਿਤਾ ਲਈ ਇਕ ਸੰਦੇਸਾ,
ਧੀਆਂ ਵਿਸਾਰੋ ਨਾ, ਬਣਾਉ ਪੁੱਤਰਾਂ ਵਾਂਗ ਪਰਵਾਰ ਦਾ ਹਿੱਸਾ।

ਧੀਆਂ ਪੁੱਤਰਾਂ ਨਾਲੋਂ ਘੱਟ ਨਹੀਂ, ਆਧੁਨਿਕ ਸੋਚ ਅਪਣਾਉ,
ਆਪਣੀ ਕੁਲ ਵਧਾਉ ਪੁੱਤਰਾਂ ਵਾਂਗੂ ਧੀਆਂ ਨੂੰ ਅੱਗੇ ਲਿਆਉ।

ਸੋਚਣੀ ਗ਼ਲਤ ਧੀ ਘਰ ਆਈ ਖਰਚਿਆਂ ਦੀ ਪੰਡ ਲਿਆਈ,
ਧੀ ਦੀ ਸ਼ਾਦੀ 'ਤੇ ਕਰਨਾ ਖਰਚ ਬਣ ਗਈ ਸਮਾਜਿਕ ਬੁਰਾਈ।

ਧਨ ਦੌਲਤ ਨਾ ਕਿਸੇ ਦੇ ਨਾਲ ਆਈ ਨਾ ਕਿਸੇ ਦੀ ਜਾਇਦਾਦ,
ਇਹੋ ਹੀ ਇਕ ਭੁਲੇਖਾ ਜੋ ਮਾਤਾ-ਪਿਤਾ ਨਹੀਂ ਸਮਝਦੇ ਸ਼ਾਇਦ।
ਸਮਝੋ ਧੀਆਂ ਦਾ ਸਤਿਕਾਰ ਕਰੋ, ਪੁੱਤਰਾਂ ਵਾਂਗੂੰ ਪਿਆਰ ਕਰੋ!

# ਕੁੜੀ ਚੰਡੀਗੜ੍ਹ ਦੀ

ਪੇਂਡੂ ਨੇ ਲਾ ਲਈ ਯਾਰੀ ਕੁੜੀ ਵੇਖ ਸ਼ਹਿਰ ਦੀ,
ਪਲੀ ਪਲੋਸੀ ਚੰਡੀਗੜ੍ਹ ਲਾਡਲੀ ਉੱਚੇ ਪਰਵਾਰ ਦੀ।

ਵੇਖਣ ਤੁਰ ਪਈ ਪਿੰਡ ਸਿਫ਼ਤ ਕਰਦੀ ਸ਼ਹਿਰ ਦੀ,
ਸਿਰ ਤੋਂ ਪੈਰਾਂ ਤੱਕ ਮੁੜ੍ਹਕਾ ਚੋਵੇ ਗਰਮੀ ਕਹਿਰ ਦੀ।

ਜਦੋਂ ਤੁਰਦੀ ਪੈਰ ਫਿਸਲਦੇ ਖੇਤਾਂ ਦੇ ਬੰਨਿਆਂ 'ਤੇ,
ਤੁਰੀ ਜਾਂਦੀ ਪੁੱਛਦੀ ਕੀ ਹੈ ਖੇਤ ਵੇਖ ਕੇ ਗੰਨਿਆਂ ਦੇ।

ਰੋਜ਼ ਰੋਜ਼ ਗਾਰਡਨ ਚੰਡੀਗੜ੍ਹ ਦਾ ਚੇਤੇ ਆਉਂਦਾ,
ਖੇਤਾਂ ਵਿਚ ਉੱਗੀ ਜਦੋਂ ਪਪੋਲੀ ਉਹਨੂੰ ਵਿਖਾਉਂਦਾ।

ਅੱਤ ਦੀ ਪੈਂਦੀ ਗਰਮੀ ਵਿਚ ਫਲ੍ਹਿਆਂ ਦਾ ਨਜ਼ਾਰਾ,
ਗਰਮੀ ਨਾਲ ਹਫ ਗੀ ਕਹੇ ਗਲ ਨਾਲ ਲਾ ਲੈ ਯਾਰਾ।

ਪਿੰਡ ਵਿਚ ਆ ਕੇ ਚੰਡੀਗੜ੍ਹ ਦੀਆਂ ਸੜਕਾਂ ਨਹੀਂ ਭੁੱਲੀ,
ਪੰਜਾਬੀ ਟੁੱਟੀ-ਫੁੱਟੀ ਬੋਲੇ ਪਰ ਅੰਗ੍ਰੇਜ਼ੀ ਬੋਲੇ ਖੁੱਲ੍ਹੀ।

ਬਿਜਲੀ ਨਾ ਆਵੇ ਕਦੀ ਅੰਦਰ ਕਦੀ ਬਾਹਰ ਜਾਵੇ,
ਹੱਥ ਵਿਚ ਪੱਖੀ, ਨਾਲ ਏ ਸੀ ਦੀਆਂ ਗੱਲਾਂ ਸੁਣਾਵੇ।

ਕੁੜੀਏ! ਸੌਖੀ ਨਾ ਪੇਂਡੂਆਂ ਨਾਲ ਯਾਰੀ ਲਾਉਣੀ,
ਲੱਗ ਜਾਵੇ ਫਿਰ ਪੈਂਦੀ ਜ਼ਿੰਦਗੀ ਭਰ ਨਿਭਾਉਣੀ।

# ਅਜੋਕੇ ਸਮੇਂ ਦੀ ਸਿੱਖੀ

ਭੁੱਲਿਆ ਫਿਰੇਂ ਜਵਾਨਾ ਛੱਡ ਆਪਣਾ ਸਹੀ ਨਿਸ਼ਾਨਾ।
ਗੁਰੂ ਤੋਂ ਮੁੱਖ ਮੋੜਿਆ ਕੀ ਮੁਸ਼ਕਿਲ ਬਣ ਗਈ ਭਾਰੀ।

ਬੇਮੁਖ ਹੋ ਕੇ ਸਹੀ ਰਸਤਾ ਖੋ ਕੇ ਸਿੱਖੀ ਤੋਂ ਦੂਰ ਗਿਆ,
ਮੱਥੇ 'ਤੇ ਦਾਗ਼ ਲਗਾ ਬੈਠਾ ਸਿੱਖੀ ਨਾਲ ਕਰ ਗੱਦਾਰੀ।

ਆਪਣੇ ਗੁਰੂ ਤੋਂ ਦੂਰ ਜਾ ਕੇ ਸਿੱਖੀ ਦੀ ਮੋਹਰ ਗਵਾ ਕੇ,
ਪਤਿੱਤਪੁਣੇ ਵਿਚ ਫਿਰੇਂ ਗਵਾਚਾ ਭੁੱਲ ਗਿਉਂ ਸਰਦਾਰੀ।

ਸਿੱਖ ਮਰਿਆਦਾ ਛਿੱਕੇ ਟੰਗ ਗੁਰੂ ਦਾ ਘਰ ਗਿਉਂ ਲੰਘ,
ਸਾਥੀ ਬਣ ਕੇ ਬੁਰਿਆਂ ਦਾ ਸਿਖੀ ਨੂੰ ਸੱਟ ਭਾਰੀ ਮਾਰੀ।

ਤੂੰ ਕੀ ਸਿੱਖਿਆ ਦੋ ਲਾਲਾਂ ਤੋਂ ਦਸ਼ਮੇਸ਼ ਪਿਤਾ ਦੇ ਬਾਲਾਂ ਤੋਂ,
ਮੌਤ ਤੋਂ ਡਰੇ ਨਹੀਂ ਕਹਿ ਕੇ ਜਾਨ ਤੋਂ ਵੱਧ ਸਿੱਖੀ ਪਿਆਰੀ।

ਕੋਈ ਵੀ ਔਕੜ ਆਈ ਸਿੱਖ ਨੇ ਸਿਰ-ਧੜ ਦੀ ਬਾਜ਼ੀ ਲਾਈ,
ਗੁਰੂ ਦੀ ਕਰ ਅਰਦਾਸ ਸਿਦਕ ਵਿਖਾ ਕੇ ਜਿੰਦੜੀ ਵਾਰੀ।

ਹੌਂਸਲਾ ਨਾ ਹਾਰਦੇ ਸੋਧ ਅਰਦਾਸੇ ਲੜਦੇ ਰਹੇ ਭੁੱਖੇ-ਪਿਆਸੇ,
ਦੇਖ ਕੇ ਜਜ਼ਬਾ ਸਿੰਘਾਂ ਦਾ ਆਖਰ ਮੌਤ ਵੀ ਉਹਨਾਂ ਤੋਂ ਹਾਰੀ।

ਸ਼ੋਭਾ ਮਿਲੀ ਵਿਚ ਵਿਰਾਸਤ ਕੇਸਾਂ ਨਾਲ ਕਿਉਂ ਕਰੇ ਸ਼ਰਾਰਤ,
ਖਾਵੇਂ ਲਾਹਨਤਾਂ ਮੁੱਖ ਮੋੜ ਕੇ ਸਿੱਖੀ ਤੋਂ ਫੇਰ ਕੇਸਾਂ 'ਤੇ ਆਰੀ।

ਸਰੀਰ ਤੇਰਾ ਕੌਮ ਦੇ ਕੰਮ ਆਊ ਤੇਰੇ ਨਾਂ ਦੀ ਸ਼ੋਭਾ ਗਾਊ,
ਭੁਲਾ ਕੇ ਪਤਿੱਤਪੁਣੇ ਨੂੰ ਮੁੜ ਵਾਪਸ ਆ ਜਾ ਇਕ ਵਾਰੀ।

ਭੁੱਲਿਆ ਘਰ ਵਾਪਸ ਆ ਜਾਵੇ ਉਹ ਭੁੱਲਿਆ ਨਾ ਕਹਾਵੇ,
ਗੁਰੂ ਦੇ ਮੁੜ ਚਰਨੀਂ ਪੈ ਜਾਵੇਂ ਵਾਪਸ ਮਿਲ ਜਾਊ ਸਰਦਾਰੀ।

# ਮਾਂ ਦਾ ਰਿਸ਼ਤਾ

ਰਿਸ਼ਤਿਆਂ ਵਿਚੋਂ ਮਾਂ ਵਰਗਾ ਕੋਈ ਰਿਸ਼ਤਾ ਨਾ,
ਮਾਂ ਰੱਬ ਦਾ ਰੂਪ ਪੂਜਣ ਯੋਗ ਕੋਈ ਫਰਿਸ਼ਤਾ ਨਾ।

ਮਾਂ ਸਿਖਾਇਆ ਨਾਂ ਲੈਣਾ, ਤਾਂ ਸਿਖਿਆ ਮਾਂ ਕਹਿਣਾ,
ਮਾਂ ਨੇ ਹੀ ਬੋਲਣ ਦਾ ਪਹਿਲਾ ਸਬਕ ਸਿਖਾਇਆ।

ਮਾਂ ਦੀਆਂ ਅਸੀਸਾਂ ਅਤੇ ਲੋਰੀਆਂ ਨਾ ਮੈਂ ਕਦੀ ਭੁਲਾਵਾਂ,
ਮਾਂਵਾਂ ਠੰਡੀਆਂ ਛਾਂਵਾਂ ਨਿੱਤ ਗੁਣ ਮਾਂ ਆਪਣੀ ਦੇ ਗਾਵਾਂ।

ਛੋਟੇ ਹੁੰਦਿਆਂ ਗੋਦ ਵਿੱਚ ਸਾਰਿਆਂ ਮੈਨੂੰ ਖਿਡਾਇਆ,
ਮਾਂ ਦੀ ਗੋਦ ਦਾ ਪਿਆਰ ਕਿਸੇ ਹੋਰ 'ਚੋਂ ਨਾ ਪਾਇਆ।

ਤੋਤਲੀਆਂ ਗੱਲਾਂ ਕਰਕੇ, ਮਾਂ ਨੇ ਮੈਨੂੰ ਤੁਰਨਾ ਸਿਖਾਇਆ,
ਕਈ ਵਾਰ ਉਸ ਨੇ ਦੋ ਉਂਗਲਾਂ ਫੜ ਕੇ ਵੀ ਤੁਰਾਇਆ।

ਉਹਨਾਂ ਪੰਜਾਂ ਉਂਗਲਾਂ ਨੂੰ ਮੈਂ ਬਰਾਬਰ ਕਰਾਂ ਪਿਆਰ,
ਕਿਹੜੀ ਉਂਗਲ ਫੜ ਸਿਖਾਇਆ ਇਸਦੀ ਨਾ ਕੋਈ ਸਾਰ।

ਮਾਂ ਵਰਗਾ ਰਿਸ਼ਤਾ ਦੁਨੀਆਂ 'ਤੇ ਨਾ ਹੋਇਆ ਤੇ ਨਾ ਹੋਣਾ,
ਕਿਵੇਂ ਭੁਲਾਵਾਂ ਦਿਨ ਗੋਦੀ ਵਿਚ ਲੋਰੀਆਂ ਨਾਲ ਸੁਆਉਣਾ।

ਮਾਂ ਦੇ ਪਿਆਰ ਦਾ ਨਾ ਮੁੱਲ, ਨਾ ਕੋਈ ਮਹਿੰਗੀ ਚੀਜ਼ ਹੋਈ,
ਮਾਂ ਦਾ ਪਿਆਰ ਸੱਧਰਾਂ ਦਾ ਭਾਰ ਮਾਲਾ ਮੋਤੀਆਂ ਦੀ ਪਰੋਈ।

# ਮਨੁੱਖੀ ਜੀਵਨ

ਧਰਮੀ ਦਾਤਿਆ ਹਰ ਕੋਈ ਆਪਣੀ ਦੇਵੇ ਸਫ਼ਾਈ,
ਧਰਮ ਦੇ ਨਾਂ 'ਤੇ ਫਿਰ ਲੁੱਟੀ ਜਾਣ ਸਭ ਲੁਕਾਈ।

ਜੋ ਬੀਜਿਆ ਵੱਢਿਆ, ਜੋ ਚਾਹੁੰਦਾ ਨਾ ਲੱਭਿਆ,
ਮਨੁੱਖੀ ਜੀਵਨ ਅਮੋਲਕ ਐਵੇਂ ਗਵਾ ਛੱਡਿਆ।

ਕੁਝ ਹੱਥ ਨਾ ਆਇਆ ਬਹੁਤ ਦੁੱਖ ਪਾਇਆ,
ਕਿਉਂ ਜੱਗ 'ਤੇ ਆਇਆ, ਕੀ ਕਰਮ ਕਮਾਇਆ?

ਕਰਮ ਫਰੇਬ ਕਰਨਾ, ਮਾੜੇ ਤੋਂ ਨਹੀਂ ਡਰਨਾ।
ਜੀਵਨ ਆਵਾਗੌਣ ਦਾ, ਮਨ ਨੂੰ ਸਮਝਾਉਣ ਦਾ।

ਬੰਦਗੀ ਨਾਲ ਨੇਕ ਕਮਾਈ ਮਨ ਦੀ ਰੱਖੇ ਸਫ਼ਾਈ,
ਦੋਵਾਂ ਦਾ ਧਾਰਨੀ ਜ਼ਿੰਦਗੀ ਵਿਚ ਕਦੀ ਟੋਟ ਨਾ ਆਈ।

ਰੱਬ ਕਦੀ ਪੜ੍ਹਨ-ਪੜ੍ਹਾਉਣ ਨਾਲ ਨਹੀਂ ਪਾਈਦਾ,
ਨਾ ਰੱਬ ਮਦਰੱਸਿਆਂ ਨਾ ਗੁਰਦੁਆਰੇ ਦੇ ਭਾਈ ਦਾ।

ਮੇਰੀ ਮੇਰੀ ਕਰੇ ਖਾਲੀ ਆਇਆ ਖਾਲੀ ਤੁਰ ਜਾਣਾ,
ਨਾ ਕੋਈ ਤੇਰਾ ਨਾ ਮੇਰਾ ਮਨ ਨੂੰ ਪੈਂਦਾ ਸਮਝਾਣਾ।

ਸਰੀਰ ਪਾਣੀ ਦਾ ਬੁਲਬੁਲਾ ਪਤਾ ਨਹੀਂ ਸਾਹ ਆਉਣਾ,
ਫਿਰ ਸਭ ਕੁਝ ਏਥੇ ਛੱਡ ਕੇ ਨੀਂਦ ਸਦਾ ਦੀ ਸਉਣਾ।

ਪੈਗੰਬਰ ਆਏ ਮਨੁੱਖ ਨੂੰ ਜੀਵਨ ਫਲਸਫੇ ਸਿਖਾਏ।
ਉਹ ਵੀ ਇਸ ਦੁਨੀਆ 'ਤੇ ਸਦਾ ਲਈ ਨਹੀਂ ਰਹਿ ਪਾਏ।
ਕੀਹਦੇ ਪਾਣੀਹਾਰ ਵਡਮੁੱਲਾ ਜੀਵਨ ਨਾ ਦੇਵੀਂ ਵਿਸਾਰ।

# ਚੁੱਲ੍ਹਾ-ਚੌਂਕਾ

ਫੂਕਾਂ ਮਾਰ ਪਕਾਉਣੀਆਂ ਪੈਂਦੀਆਂ,
ਫਿਰ ਵੀ ਇਸ ਨੂੰ ਮੌਜਾਂ ਕਹਿੰਦੀਆਂ।

ਇਕ ਪਿੰਡਾਂ ਨਾਲ ਲਗਾਓ ਹੈ ਐਸਾ,
ਭਾਵੇਂ ਸ਼ਹਿਰਾਂ ਵਿੱਚ ਜ਼ਿਆਦਾ ਪੈਸਾ।

ਕੁੜੱਤਣ ਧੂੰਏਂ ਦੀ ਅੱਖਾਂ ਵਿੱਚ ਪੈਂਦੀ,
ਫਿਰ ਵੀ ਚੁੱਲ੍ਹੇ ਅੱਗੇ ਬੈਠੀ ਰਹਿੰਦੀ।

ਚੁੱਲ੍ਹੇ ਦਾ ਕੌੜਾ ਧੂੰਆਂ ਅੱਖਾਂ ਨੂੰ ਆਵੇ,
ਅੱਖਾਂ ਵਿਚੋਂ ਪਾਣੀ ਵਗਣ ਲੱਗ ਜਾਵੇ।

ਅੱਖਾਂ ਪਈ ਮਲਦੀ ਪਾਸਾ ਉਹ ਵੱਟੇ,
ਚੁੱਲ੍ਹੇ ਅੱਗਿਉਂ ਉਹ ਫਿਰ ਵੀ ਨਾ ਹਟੇ।

ਅੱਖਾਂ ਵਿਚੋਂ ਪਾਣੀ ਪਿਆ ਵਗਦਾ,
ਕਹਿੰਦੀ ਧੂੰਆਂ ਬੜਾ ਕੌੜਾ ਲੱਗਦਾ।

ਫੂਕਾਂ ਮਾਰ-ਮਾਰ ਇਹ ਚੁੱਲ੍ਹਾ ਤਾਇਆ,
ਧੁੱਖਦੀ ਅੱਗ 'ਤੇ ਰੋਟੀ-ਟੁੱਕ ਪਕਾਇਆ।

ਇਹ ਹੈ ਪਿੰਡ ਦੀ ਮੁਟਿਆਰ ਦਾ ਹਾਲ,
ਪਿੰਡ ਦੀ ਕੁੜੀ ਦਾ ਜਿਗਰਾ ਵਿਸ਼ਾਲ।

ਹੋਰ ਕੋਈ ਹੱਲ ਨਹੀਂ ਕੀ ਕਰੇ ਵਿਚਾਰੀ,
ਰੋਟੀ ਟੁੱਕ ਵਿੱਚ ਮੱਤ ਰਹਿੰਦੀ ਮਾਰੀ।

ਸਵੇਰ ਤੋਂ ਸ਼ਾਮ ਤੱਕ ਚੁੱਲ੍ਹਾ-ਚੌਂਕਾ ਧੁਖਦਾ,
ਚੌਂਕੇ ਪੈਣ ਤਰਕਾਲਾਂ ਕੰਮ ਨਹੀਂ ਮੁੱਕਦਾ।

# ਸਿੱਖ ਧਰਮ ਦੇ ਬਾਨੀ

ਸਿੱਖ ਇਤਿਹਾਸ ਪਿੱਛੇ ਸ਼ਹੀਦਾਂ ਦੀ ਪੂਰੀ ਲੜੀ ਪਰੋਈ,
ਕੌਮਾਂ ਦੀਆਂ ਸ਼ਹੀਦੀਆਂ ਬਿਨਾਂ ਨਾ ਬਣੇ ਇਤਿਹਾਸ ਕੋਈ।

ਨਹੀਂ ਭੱਜਣਾ, ਸੀਸ ਤਲੀ ਧਰ ਵੈਰੀਆਂ ਨੂੰ ਘੇਰਾ ਪਾ ਲੈਣਾ,
ਐਸੀ ਮਿਸਾਲ ਨਾ ਕਿਤੇ ਮਿਲੇ ਕਹਿਣ ਨੂੰ, ਸੌਖਾ ਕਹਿ ਲੈਣਾ।

ਸਿੱਖ ਧਰਮ ਦੇ ਬਾਨੀ ਜਿਸ ਨੇ ਦਿੱਤੀ ਕੌਮ ਲਈ ਕੁਰਬਾਨੀ,
ਹਿੰਦੂ ਧਰਮ ਬਚਾਇਆ ਫਿਰ ਸਿੱਖੀ ਦਾ ਬੂਟਾ ਲਾਇਆ।

ਜ਼ਾਲਮ ਹਾਕਮ ਔਰੰਗਜ਼ੇਬ ਨੂੰ ਸੀ ਚੰਗਾ ਸਬਕ ਸਿਖਾਇਆ,
ਕੁਰਬਾਨੀ ਲਈ ਪਿਤਾ ਤੋਰ ਕੇ ਲਾਲਾਂ ਨੂੰ ਮੌਤ ਦੀ ਝੋਲੀ ਪਾਇਆ।

ਵੇਖ ਪੋਤਿਆਂ ਨੂੰ ਮੌਤ ਦੀ ਝੋਲੀ ਮਾਤਾ ਗੁਜਰੀ ਦਿਲ ਨਾ ਘਬਰਾਇਆ,
ਜ਼ਾਲਮ ਹਾਕਮ ਨੇ ਫਿਰ ਦੋਵਾਂ ਲਾਲਾਂ ਨੂੰ ਨੀਹਾਂ ਵਿਚ ਚਿਣਾਇਆ।

ਸਿੱਖੀ ਦਾ ਇਤਿਹਾਸ ਇਤਿਹਾਸ ਵਿਚ ਨਾ ਮਿਲਦੀ ਕੋਈ ਮਿਸਾਲ,
ਕਲਗੀਧਰ ਨੇ ਵਾਰ ਕੇ ਸਾਰਾ ਪਰਵਾਰ ਕਰ ਵਿਖਾਈ ਕਮਾਲ।

ਧੰਨ ਛੇਵੇਂ ਪਾਤਸ਼ਾਹ ਜਿਨਾਂ ਨੂੰ ਤੱਤੀਆਂ ਤਵੀਆਂ 'ਤੇ ਬਿਠਾਇਆ,
ਉਹਨਾਂ ਦੀ ਕੁਰਬਾਨੀ ਘੱਟ ਨਾ ਜਿੰਨ੍ਹਾਂ ਨੂੰ ਆਰਿਆਂ ਨਾਲ ਚਿਰਾਇਆ।

ਸਿੱਖ ਕੌਮ ਹੈ ਬੜੀ ਅਣਖ ਵਾਲੀ ਯਾਦ ਰੱਖੂ ਇਹਨਾਂ ਕੁਰਬਾਨੀਆਂ ਨੂੰ,
ਕੌਮ ਹਮੇਸ਼ਾਂ ਕਰਦੀ ਰਹੂ ਸਲਾਮ ਇਹਨਾਂ ਧਰਮ ਦੇ ਬਾਨੀਆਂ ਨੂੰ।

ਵਾਰ ਜਿੰਦ-ਜਾਨ ਕੌਮ ਤੋਂ ਇਹਨਾਂ ਸ਼ਹੀਦਾਂ ਨੇ ਮੌਤ ਨੂੰ ਗਲੇ ਲਾਇਆ,
ਪਰਵਾਰਾਂ ਦੀ ਪਰਵਾਹ ਨਾ ਕਰਕੇ ਜੀਵਨ ਕੌਮ ਦੀ ਝੋਲੀ ਪਾਇਆ।

# ਗ਼ਰੀਬੀ

ਰੱਬਾ! ਦੇਵੀਂ ਨਾ ਗ਼ਰੀਬੀ ਇਨਸਾਨ ਨੂੰ,
ਏਦੂੰ ਚੰਗੀ ਮੌਤ ਦੇ ਦੇਵੀਂ।

ਗ਼ਰੀਬ ਦਾ ਕੀ ਜੀਉਣਾ ਪੱਲੇ ਧੇਲੀ ਨਾ ਦਵਾਨੀ,
ਤੇਰੀਆਂ ਰਹਿਮਤਾਂ ਸਦਕਾ ਜ਼ਿੰਦਗੀ ਕਟੀ ਜਾਣੀ,
ਇਕ ਨਹੀਂ ਦੋ ਨਹੀਂ ਤੂੰ ਵੇਖਦਾਂ ਸਾਰੇ ਜਹਾਨ ਨੂੰ,
ਰੱਬਾ ਦੇਵੀਂ ਨਾ ........

ਗ਼ਰੀਬ ਨੂੰ ਨਾ ਹੋਵੇ ਦੋ ਡੰਗ ਦੀ ਨਸੀਬ ਰੋਟੀ,
ਦਰ-ਦਰ ਦੀਆਂ ਠੋਕਰਾਂ ਖਾਵੇ ਕਿਸਮਤ ਖੋਟੀ,
ਤੂੰ ਪੈਦਾ ਕੀਤੇ ਦਾਨੀ ਕੀ ਕਹਾਂ ਮਿਹਰਬਾਨ ਨੂੰ,
ਰੱਬਾ ਦੇਵੀਂ ਨਾ .........

ਰੱਬਾ! ਸਭ ਤੇਰੇ ਬੰਦੇ ਕਿਉਂ ਲਿਖੇ ਨਸੀਬ ਏਨੇ ਮੰਦੇ?
ਉਹ ਵੀ ਤੇਰੇ, ਰਹਿੰਦੇ ਗਮਾਂ ਵਾਲੀ ਫਾਹੀ ਵਿਚ ਫੰਦੇ,
ਰਹਿੰਦੇ ਹਉਕਿਆਂ 'ਚ ਡੁੱਬੇ ਦਿੱਤਾ ਗਾਲ ਜਿੰਦ-ਜਾਨ ਨੂੰ,
ਰੱਬਾ ਦੇਵੀਂ ਨਾ .........

ਹਾਲੋਂ-ਬੇਹਾਲ ਜਾਨ ਦੱਬੀ ਸਰਕਾਰੀ ਕਰਜ਼ੇ ਦੇ ਨਾਲ,
ਮੰਦਾ ਜ਼ਿੰਦਗੀ ਦਾ ਹਾਲ ਘਰ ਵਿੱਚ ਰੋਣ ਭੁੱਖੇ ਬਾਲ,
ਘਰੋਂ ਬਾਹਰ ਹੋਵਾਂ ਦਿਲ ਕਰਦਾ ਨਾ ਘਰ ਜਾਣ ਨੂੰ,
ਰੱਬਾ ਦੇਵੀਂ ਨਾ ...........

ਰੱਬਾ ਗ਼ਰੀਬ ਨੂੰ ਜੰਮਣ ਤੋਂ ਪਹਿਲਾਂ ਮਾਰ-ਮੁਕਾ ਦੇਵੀਂ,
ਗ਼ਰੀਬੀ ਦੀ ਲਾਹਨਤ ਨਾਲੋਂ ਕਿਸੇ ਹੋਰ ਜੂਨੇ ਪਾ ਦੇਵੀਂ,
ਗ਼ਰੀਬ ਤੇਰੇ ਦਰ ਦਾ ਭੁੱਖਾ ਕਾਇਮ ਰੱਖਦਾ ਇਮਾਨ ਨੂੰ,
ਰੱਬਾ ਦੇਵੀਂ ਨਾ .............

ਗ਼ਰੀਬ ਨੂੰ ਹਰੇਕ ਦੁਰਕਾਰਦਾ ਭੁੱਖਾ ਤੇਰੇ ਪਿਆਰ ਦਾ,
ਉਹਦੀਆਂ ਵੀ ਖ਼ਾਹਿਸ਼ਾਂ ਦਾ ਦਰਿਆ ਠਾਠਾਂ ਮਾਰਦਾ,
ਢਿੱਡ ਬੱਚਿਆਂ ਦਾ ਭਰਨਾ ਚਿੰਤਾ ਮਾਰੀ ਜਾਂਦੀ ਜਵਾਨ ਨੂੰ,
ਰੱਬਾ! ਦੇਵੀਂ ਨਾ ਗ਼ਰੀਬੀ ਇਨਸਾਨ ਨੂੰ,
ਏਦੂੰ ਚੰਗਾ ਮੌਤ ਦੇ ਦੇਵੀਂ।

# ਮੇਰੀ ਕੈਲੀਫੋਰਨੀਆਂ ਫੇਰੀ

ਕੈਲੀਫੋਰਨੀਆਂ ਦਾ ਸਾਨਫਰਾਂਸਿਸਕੋ ਸ਼ਹਿਰ ਬੜਾ ਸੁੰਦਰ,
ਟਾਪੂ ਦੀ ਸ਼ਕਲ ਵਿਚ ਘਿਰਿਆ ਨਾਲ ਸਮੁੰਦਰ।

ਸਮੁੰਦਰ 'ਤੇ ਬਣਿਆ ਪੁਲ ਵੀ ਹੈਰਾਨ ਕਰਨ ਵਾਲਾ,
ਕਾਰੀਗਰੀ ਵੇਖ ਕੇ ਖੁੱਲ੍ਹ ਜਾਂਦਾ ਬੰਦ ਅਕਲ ਦਾ ਤਾਲਾ।

ਪਹਾੜਾਂ ਦੀਆਂ ਵਾਦੀਆਂ ਵਿਚ ਰਹਿਣ ਦਾ ਮਜ਼ਾ ਕੁਝ ਹੋਰ,
ਲੱਭਣ ਕੁਦਰਤੀ ਦ੍ਰਿਸ਼ ਬਹੁਤ ਹਰਿਆਵਲ ਦੀ ਥੋੜ।

ਆਮ ਵੰਡ ਅਰਬਨ ਤੇ ਸਬ-ਅਰਬਨ ਵਿਚ ਪਾਈ ਜਾਂਦੀ,
ਏਥੇ ਇਕ ਭੂਗੋਲਿਕ ਸਥਿਤੀ ਜੋ ਬੇ-ਏਰੀਆ ਕਹਿਲਾਂਦੀ।

ਗੱਲ ਕਰੀਏ ਬੇਕਰਜ਼ਫੀਲਡ ਦੀ, ਅੱਤ ਦੀ ਗਰਮੀ ਪੈਂਦੀ,
ਵੇਖਿਆ ਏਥੇ ਪੰਜਾਬੀਆਂ ਦੀ ਆਬਾਦੀ ਜ਼ਿਆਦਾ ਰਹਿੰਦੀ।

ਮੈਦਾਨੀ ਇਲਾਕਿਆਂ ਨੂੰ ਵੇਖ ਕੇ ਪੰਜਾਬ ਚੇਤੇ ਆਉਂਦਾ,
ਮੌਸਮ ਅਨੁਕੂਲ ਹੈ ਪੰਜਾਬੀ ਹਰ ਫ਼ਸਲ ਉਗਾਉਂਦਾ।

ਆਬਾਦੀ ਦੇ ਪੱਖ ਤੋਂ ਯੂਬਾ ਸਿਟੀ ਹੈ ਪੰਜਾਬੀਆਂ ਦਾ ਗੜ੍ਹ,
ਸਖ਼ਤ ਮਿਹਨਤ ਕਰਨੀ ਜਾਣਦੇ ਨਹੀਂ ਕੰਮ ਕਰਨ ਦਾ ਡਰ।

ਗਰਮ ਰੁੱਤ ਧੁੱਪ ਵੇਲੇ ਸੂਰਜ ਦੀਆਂ ਕਿਰਨਾਂ ਪੈਣ ਖਾਣ ਨੂੰ,
ਘਰੋਂ ਬਾਹਰ ਨਿਕਲਣ ਲਈ ਸਨਬਲਾਕ ਜ਼ਰੂਰੀ ਲਾਣ ਨੂੰ।

ਮਨੁੱਖੀ ਸਾਧਨ ਬਥੇਰੇ ਪਰ ਕੁਦਰਤੀ ਸੋਮਿਆਂ ਦੀ ਘਾਟ,
ਫ਼ਸਲਾਂ ਅਤੇ ਪੌਦਿਆਂ ਦਾ ਉਗਾਣਾ ਨਾ ਸੌਖਾ ਬਿਨਾਂ ਬਰਸਾਤ।

ਸੋਕੇ ਦਾ ਬਹੁਤ ਬੋਲਬਾਲਾ ਅਤੇ ਪਾਣੀ ਦੀ ਘਾਟ ਜ਼ਰੂਰ ਹੈ,
ਸਬਜ਼ੀਆਂ ਤੇ ਫਲ ਉਗਾਉਣ ਵਿਚ ਕੈਲੀਫੋਰਨੀਆਂ ਮਸ਼ਹੂਰ ਹੈ।

ਪੰਜਾਬੀਆਂ ਦੇ ਅੰਗੂਰਾਂ ਦੇ ਬਹੁਤ ਵੱਡ-ਵੱਡੇ ਬਾਗ਼ ਇਥੇ ਲੱਭਦੇ,
ਆਧੁਨਿਕ ਢੰਗਾਂ ਨਾਲ ਸਾਰੇ ਖੇਤੀ ਕਰਨ ਮਿਹਨਤੀ ਵੀ ਲੱਗਦੇ।

ਸੁਹਣੀਆਂ ਕਾਰਾਂ ਸੁਹਣਾ ਖਾਂਦੇ ਸੁਹਣਾ ਪੀਂਦੇ ਸੁਹਣੇ ਸੁਹਣੇ ਮਕਾਨ,
ਤਾਈਓਂ ਅਮਰੀਕਾ ਵਿਚ ਪੰਜਾਬੀਆਂ ਦੀ ਬਹੁਤ ਉੱਚੀ ਸ਼ਾਨ।

ਵਿਦੇਸ਼ੀ ਹੋਣ ਨਾਤੇ ਰਾਜਨੀਤੀ ਵਿਚ ਵੀ ਬਣਾਇਆ ਆਪਣਾ ਸਥਾਨ,
ਖੇਤੀ ਨੂੰ ਛੱਡ ਕਾਰੋਬਾਰ ਵਿਚ ਵੀ ਇਹਨਾਂ ਦਾ ਬਹੁਤ ਯੋਗਦਾਨ।

ਵੱਡੀਆਂ-ਵੱਡੀਆਂ ਕੰਪਨੀਆਂ ਦੇ ਮਾਲਕ ਪਰਮਾਤਮਾ ਮਿਹਰਬਾਨ,
ਵਿਦਿਅਕ ਅਦਾਰਿਆਂ ਵਿਚ ਇਹਨਾਂ ਗੋਰਿਆਂ ਨੂੰ ਕੀਤਾ ਹੈਰਾਨ,
ਉੱਚੀਆਂ ਪਦਵੀਆਂ ਤੇ ਇਹਨਾਂ ਦੇ ਹੁਨਰਾਂ ਨੂੰ ਗੋਰਿਆਂ ਕੀਤਾ ਪ੍ਰਵਾਨ।

# ਮਾਹੀ ਪ੍ਰਦੇਸੀ

ਬਨੇਰੇ 'ਤੇ ਬੈਠਿਆ ਕਾਲਿਆ ਕਾਂਵਾਂ ਗੱਲ ਸੁਣ ਮੇਰੀ,
ਕੋਈ ਦੇਵੇਂ ਸੁਨੇਹਾ ਮੈਨੂੰ ਤੇਰੀ ਸਿਫ਼ਤ ਸੁਣੀ ਬਥੇਰੀ।

ਉੱਡ ਵੇ ਕਾਲਿਆ ਕਾਂਵਾਂ ਤੈਨੂੰ ਘਿਉ ਦੀ ਚੂਰੀ ਪਾਵਾਂ,
ਚਿੱਠੀ ਹੱਥ ਫੜਾਵਾਂ ਉੱਤੇ ਬਾਬਲ ਦਾ ਸਰਨਾਵਾਂ।

ਲੈ ਜਾ ਸੁਖ-ਸੁਨੇਹਾ ਮੇਰਾ ਦੇਵੀਂ ਬਾਬਲ ਨੂੰ ਪੁਚਾਅ,
ਉੱਡ ਜਾ ਤੂੰ ਇਸ ਸਵੇਰ ਇਹ ਚੂਰੀ ਉਥੇ ਜਾ ਕੇ ਖਾ।

ਮਾਰ ਉਡਾਰੀ ਜਾਵੀਂ ਸੁਖ ਸੁਨੇਹਾ ਬਾਬਲ ਦਾ ਲਿਆਵੀਂ,
ਰਾਤੀਂ ਨੀਂਦ ਨਾ ਆਵੇ ਯਾਦ ਸਤਾਵੇ ਮੇਰਾ ਹਾਲ ਸੁਣਾਵੀਂ।

ਸੁੱਤੀ ਦੇ ਸਿਰਹਾਣੇ ਖੜਾ ਦੇਖਦੀ ਚੰਦਰੀ ਅੱਖ ਖੁੱਲ੍ਹ ਗਈ,
ਸੁਪਨੇ 'ਚ ਜਦ ਦੇਖਿਆ ਖ਼ੁਸ਼ੀਆਂ ਦੀ ਹਨੇਰੀ ਝੁੱਲ ਗਈ।

ਕੀਹਦੇ ਨਾਲ ਸਾਂਝੀਆਂ ਕਰਾਂ ਦਿਲ ਆਪਣੇ ਦੀਆਂ ਗੱਲਾਂ?
ਨੈਣ ਪਿਆਸੇ ਹੋ ਜਾਣ ਬੇਸਬਰੇ ਵਾਂਗ ਪਾਣੀ ਦੀਆਂ ਛੱਲਾਂ।

ਛੱਡ ਕੱਲੀ ਨੂੰ ਪਰਦੇਸ ਗਿਉਂ ਨਿੱਤ ਰਾਹ ਤੇਰਾ ਮੈਂ ਵੇਖਾਂ,
ਤੇਰੇ ਨਾਲ ਮੇਰਾ ਜ਼ਿੰਦਗੀ ਦਾ ਸਾਥ ਵਿਚ ਲਿਖਿਆ ਲੇਖਾਂ।

ਕਾਗ ਉਡਾਂਦੀ ਔਂਸੀਆਂ ਪਾਂਦੀ ਕਹਿੰਦੀ ਪਾ ਵਤਨੀਂ ਫੇਰਾ,
ਅੱਲੜ ਜਵਾਨੀ ਠਾਠਾਂ ਮਾਰਦੀ ਚਾਅ ਨਾ ਲੱਥਿਆ ਮੇਰਾ।

ਚਿੱਠੀਆਂ 'ਚ ਲਿਖਿਆ ਪਿਆਰ ਤੇਰਾ ਮੈਨੂੰ ਪਿਆ ਕੋਸਦਾ,
ਵੱਖਰੀ ਥਾਂ ਲੱਭ ਪੜ੍ਹਾਂ ਤੇ ਰੋਵਾਂ ਹੰਝੂ ਮੇਰਿਆਂ ਨੂੰ ਪਲੋਸਦਾ।

ਰਾਤ ਨੂੰ ਨੀਂਦ ਨਾ ਆਉਂਦੀ ਰਹਿੰਦੀ ਮਨ ਨੂੰ ਸਮਝਾਉਂਦੀ,
ਕੀਤਾ ਸਬਰ ਬਥੇਰਾ ਵੱਸ ਨਹੀਂ ਮੇਰਾ ਯਾਦ ਤੇਰੀ ਸਤਾਉਂਦੀ।

ਰਾਤ ਲੰਘ ਜਾਂਦੀ ਬੇਚੈਨੀ ਵਿਚ ਦਿਨ ਚੜ੍ਹਦਿਆਂ ਸੋਚੀਂ ਪੈ ਜਾਂਦੀ,
ਚਿੰਤਾ ਨਾ ਪਕਾਉਣ-ਖਾਣ ਦੀ ਤੇਰੀ ਤਸਵੀਰ ਸਾਹਮਣੇ ਬਹਿ ਜਾਂਦੀ।

ਕੀਤੀ ਕੋਸ਼ਿਸ਼ ਬਥੇਰੀ ਨਾ ਛੱਡ ਕੱਲੀ ਪਰਦੇਸੀਂ ਜਾ ਵੇ ਅੜਿਆ,
ਇਸ ਕੋਮਲ ਜਿਹੀ ਜਿੰਦ ਨੂੰ ਵੱਖਤਾਂ ਵਿਚ ਨਾ ਪਾ ਵੇ ਅੜਿਆ।

ਕੀਤਾ ਚਾਰਾ ਬਥੇਰਾ ਚੱਲਿਆ ਨਾ ਵੱਸ ਮੇਰਾ ਤੂੰ ਵੀ ਸੀ ਬੇਵੱਸ,
ਚਿੰਤਾ ਨਾ ਕਰ ਛੇਤੀ ਲਊਂ ਬੁਲਾ ਕਹਿ ਹੱਸ ਕੇ ਸੀ ਦਿੱਤਾ ਦੱਸ।

# ਚਾਰ ਸਾਹਿਬਜਾਦੇ

ਖਾਲਸੇ ਦੀ ਚੜ੍ਹਦੀ ਕਲਾ ਚਾਰੇ ਪਾਸੇ ਕੇਸਰੀ ਨਿਸ਼ਾਨ ਝੂਲਦੇ,
ਖਾਲਸਾ ਵੈਰੀ ਦੇ ਛੱਕੇ ਛੁਡਾ ਦੇਵੇ ਛੱਡ ਜਾਣ ਮੈਦਾਨ ਝੂਰਦੇ।

ਕਲਗੀਧਰ ਨੇ ਸਿੱਖੀ ਦਾ ਬੂਟਾ ਲਾਇਆ ਪਰਵਾਰ ਲੁਟਾਇਆ,
ਪਹਿਲਾਂ ਪਿਤਾ ਫਿਰ ਪੁੱਤ ਤੋਰੇ ਦਸ਼ਮੇਸ਼ ਪਿਤਾ ਨਾ ਘਬਰਾਇਆ।

ਆਨੰਦਪੁਰ ਸਾਹਿਬ ਦੀ ਲੜਾਈ ਸਿੰਘਾਂ ਤੋਂ ਬੇਦਾਵਾ ਲਿਖਵਾਇਆ,
ਏਥੇ ਹੀ ਬਸ ਨਹੀਂ ਗੁਰੂ ਸਾਹਿਬ ਨੇ ਆਪਣਾ ਪਰਵਾਰ ਖਿੰਡਾਇਆ।

ਵੱਡੇ ਲਾਲ ਪਿਤਾ ਦੀ ਲੈ ਆਸ਼ੀਰਵਾਦ ਤੁਰੇ ਜੰਗ ਨੂੰ ਸਿੰਘਾਂ ਦੇ ਨਾਲ,
ਨੇਜ਼ਿਆਂ ਤੀਰ-ਕਮਾਨਾਂ ਦੀ ਕਰ ਬਛਾੜ ਕੀਤਾ ਮੁਗ਼ਲਾਂ ਦਾ ਬੁਰਾ ਹਾਲ।

ਮੁਗ਼ਲਾਂ ਦੇ ਛੱਕੇ ਛੁੜਾ ਵੈਰੀ ਦੇ ਆਹੂ ਲਾਹ ਮੁੜ ਕੇ ਨਹੀਂ ਪਿੱਛੇ ਆਏ,
ਮੌਤ ਨੂੰ ਸਮਝ ਲਾੜੀ ਵੈਰੀ ਨੂੰ ਭਾਜੜ ਪਾਈ ਆਪਣੇ ਵਚਨ ਨਿਭਾਏ।

ਵੱਡੇ ਸਾਹਿਬਜ਼ਾਦੇ ਅਜੀਤ ਤੇ ਜੁਝਾਰ ਦੋਵਾਂ ਜੰਗ 'ਚ ਸ਼ਹੀਦੀ ਪਾਈ,
ਜ਼ੋਰਾਵਰ ਤੇ ਫਤਿਹ ਸਿੰਘ ਨਹੀਂ ਡੋਲੇ ਜਦੋਂ ਉਹਨਾਂ ਦੀ ਵਾਰੀ ਆਈ।

ਦੋ ਹੋਣਹਾਰ ਬਾਲਕ ਜੀਉਂਦੀਆਂ ਜਾਨਾਂ ਨੀਹਾਂ ਵਿਚ ਚਿਣਾਈਆਂ,
ਬੋਲੇ ਸੋ ਨਿਹਾਲ ਦੇ ਨਾਹਰੇ ਲਾਉਂਦੀਆਂ ਰਤਾ ਨਹੀਂ ਘਬਰਾਈਆਂ।

ਜਿਵੇਂ ਜਿਵੇਂ ਕੰਧ ਉੱਪਰ ਨੂੰ ਆਵੇ ਚਿਹਰਿਆਂ ਦਾ ਨੂਰ ਵਧਦਾ ਜਾਵੇ,
ਨਹੀਂ ਕੋਈ ਚਮਤਕਾਰ ਸਿੱਖੀ ਲਈ ਜਿੰਨ ਵਾਰ ਦਿਤਾ ਪਰਵਾਰ।

ਧੰਨ ਮਾਤਾ ਗੁਜਰੀ ਜੋ ਠੰਢੇ ਬੁਰਜ 'ਚੋਂ ਰਹੀ ਸੀ ਸਭ ਕੁਝ ਵੇਖ,
ਡੋਲੀ ਨਹੀਂ ਕਹਿ ਕੇ ਸਤਿਗੁਰ ਨੇ ਐਸੇ ਲਿਖੇ ਬੱਚਿਆਂ ਦੇ ਲੇਖ।

ਲੱਖ-ਲੱਖ ਸ਼ੁਕਰ ਅਕਾਲ ਪੁਰਖ ਦਾ ਜਿਨ੍ਹ ਰੱਖੀ ਸਿੱਖੀ ਦੀ ਲਾਜ,
ਚਾਰ ਲਾਲਾਂ ਨੇ ਜਾਨਾਂ ਵਾਰ ਕੇ ਜਿਊਂਦਾ ਰੱਖਿਆ ਖਾਲਸਾ ਰਾਜ।

ਮਾਸੂਮ ਜਿੰਦਾਂ ਦਾ ਵੇਖ ਹੌਂਸਲਾ ਮੁਗ਼ਲ ਹਕੂਮਤ ਘਬਰਾ ਗਈ,
ਖਾਲਸੇ ਦੀ ਚੜ੍ਹਦੀ ਕਲਾ ਵੇਖ ਉਹਨਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ।

ਕਦੀ ਨਾ ਭੁਲਾਈਏ ਸਰਬੰਸ-ਦਾਨੀ ਦੇ ਲਾਲਾਂ ਦੀ ਕੁਰਬਾਨੀ ਨੂੰ,
ਚਾਰ ਸਾਹਿਬਜ਼ਾਦਿਆਂ ਦੇ ਪਿਤਾ ਕਲਗੀਧਰ ਪੁੱਤਰਾਂ ਦੇ ਦਾਨੀ ਨੂੰ।

# ਪਿੰਡ ਦੀਆਂ ਯਾਦਾਂ

ਮੈਨੂੰ ਉਹ ਦਿਨ ਅਜੇ ਵੀ ਯਾਦ ਆਉਂਦੇ,
ਨਿੱਤ ਦੁਪਹਿਰੇ ਬੋਹੜ ਦੀ ਛਾਂਵੇਂ ਸੀ ਸਉਂਦੇ।

ਕਿੱਥੇ ਗਈਆਂ ਉਹਨਾਂ ਬੋਹੜਾਂ ਦੀਆਂ ਛਾਂਵਾਂ,
ਪੀਘਾਂ ਝੂਟਦੀਆਂ ਸੀ ਮੁਟਿਆਰਾਂ ਨਾਲ ਚਾਂਵਾਂ।

ਕਿੱਥੇ ਗਏ ਅੱਜ ਉਹ ਗੁੱਲੀ-ਡੰਡੇ ਵਾਲੇ ਯਾਰ,
ਜੋ ਖੇਡਦੇ ਸੀ ਵਿਚ ਗਰਾਊਂਡਾਂ ਨਾਲ ਪਿਆਰ।

ਕਿੱਥੇ ਗਏ ਉਹ ਚਰਵਾਹੇ ਉਹ ਬੰਜਰ ਜ਼ਮੀਨਾਂ,
ਮੱਝਾਂ ਡੰਗਰ ਚਾਰਦੇ ਹੁੰਦੇ ਸੀ ਨਾਲ ਸ਼ੌਕੀਨਾਂ।

ਕਿੱਥੇ ਗਈਆਂ ਉਹ ਸਾਰੀਆਂ ਕੱਚੀਆਂ ਗਲੀਆਂ,
ਜਿਥੇ ਖੇਡ-ਮੱਲ ਕੇ ਵੱਡੇ ਹੋਏ ਨਾਲ ਰੰਗ-ਰਲੀਆਂ।

ਉਹ ਠੰਢੇ ਖੂਹਾਂ ਅਤੇ ਖੂਹੀਆਂ ਦੇ ਪਾਣੀ ਕਿੱਧਰ ਗਏ,
ਜਿਥੇ ਬਲਦਾਂ, ਘੋੜਿਆਂ, ਮੱਝਾਂ ਨੂੰ ਰਲ ਨਹਾਉਂਦੇ ਰਹੇ।

ਕਿੱਥੇ ਗਏ ਉਹ ਠੰਢੇ ਸੁਭਾਅ ਦੇ ਸਿਆਣੇ ਬਜ਼ੁਰਗ ਲੋਕ,
ਗਮਾਂ ਭਰੀ ਆਵਾਜ਼ ਕਹਿੰਦੀ ਸਿਧਾਰ ਗਏ ਪਰਲੋਕ।

ਜਦੋਂ ਮੈਂ ਪੁੱਛਿਆ ਕਿੱਥੇ ਗਏ ਮੇਰੇ ਚਾਚਾ ਤੇ ਤਾਇਆ,
ਜਿਨ੍ਹਾਂ ਨੇ ਸੀ ਮੈਨੂੰ ਆਪਣੀ ਗੋਦੀ ਵਿਚ ਖਿਡਾਇਆ।

ਹਰ ਇਕ ਦੀਆਂ ਅੱਖਾਂ ਵਿਚ ਝੱਟਪੱਟ ਹੰਝੂ ਭਰ ਆਏ,
ਜਿਵੇਂ ਅਸਮਾਨ ਵਿਚ ਕਾਲੀ ਘਟਾ ਵਾਲੇ ਬੱਦਲ ਛਾਏ।

ਬਹੁਤ ਕੁਝ ਨਹੀਂ ਪਿੰਡ ਦਾ ਸਭ ਕੁਝ ਬਦਲ ਗਿਆ,
ਅੱਜ ਇੱਕੋ ਗੱਲ ਚੇਤੇ ਆਉਂਦੀ ਮੈਂ ਪਿੰਡ ਤੋਂ ਦੂਰ ਰਿਹਾ।

# ਧੀਆਂ ਪ੍ਰਦੇਸਣਾਂ

ਧੀਆਂ ਤੁਰ ਜਾਣ ਪ੍ਰਦੇਸ ਛੱਡ ਬਾਬਲ ਦਾ ਦੇਸ,
ਕਦੀ ਕਦਾਈਂ ਹੋਵੇਗਾ ਬਾਬਲ ਦੇ ਦਰ ਪ੍ਰਵੇਸ਼।

ਧੀਆਂ ਸਦਾ ਨਹੀਂ ਰਹਿਣਾ ਬਾਬਲ ਦੇ ਵਿਹੜੇ,
ਉਹੀ ਦਿਨ ਚੰਗੇ ਬਿਤਾਏ ਨਾਲ ਸਹੇਲੀਆਂ ਜਿਹੜੇ।

ਜਦੋਂ ਇਹ ਸੱਚ ਧੀ ਕਿਉਂ ਕੁੱਖ ਵਿਚ ਮਾਰੇਂ ਮਾਏ,
ਧੀਆਂ ਇਕ ਦਿਨ ਚਲੇ ਜਾਣਾ ਆਪਣੇ ਗਰਾਏਂ।

ਮਾਏਂ ਨੀ ਅਸਾਂ ਤੁਰ ਜਾਣਾ ਸੱਖਣਾ ਕਰਕੇ ਵਿਹੜਾ,
ਧੀਆਂ ਹੁੰਦੀਆਂ ਪ੍ਰਦੇਸਣਾਂ ਰੋਕੂ ਇਹਨਾਂ ਨੂੰ ਕਿਹੜਾ।

ਬਾਬਲ ਦਾ ਦਰ ਛੱਡ ਬਣ ਜਾਣਾ ਸਹੁਰਿਆਂ ਵਾਲੀਆਂ,
ਮਾਏ ਅਸੀਂ ਚਲੀਆਂ ਜਾਣਾ ਕਿਉਂ ਕਰਦੀ ਕਾਹਲੀਆਂ।

ਕੂੰਜਾਂ ਵਾਲੀ ਮਾਰ ਉਡਾਰੀ, ਛੇਤੀ ਨਹੀਂ ਫਿਰ ਆਉਣਾ,
ਭੁੱਲ ਜਾਉ ਸਭ ਕੁਝ ਨਹੀਂ ਭੁੱਲਣਾ ਗੋਦ ਵਿਚ ਸਉਣਾ।

ਬਾਬਲ ਮੇਰੇ ਗੁਡੀਆਂ-ਪਟੋਲੇ ਤੇਰੇ ਘਰ ਰਹਿ ਗਏ,
ਮੇਰੇ ਇਹ ਗੁਡੀਆਂ ਪਟੋਲੇ ਬੰਦ ਟਰੰਕ ਵਿਚ ਪੈ ਗਏ।

ਮਾਏ ਧੀਆਂ ਬੇਗਾਨੀਆਂ ਸਦਾ ਨਾ ਇਸ ਘਰ ਰਹਿਣਾ,
ਸਾਡੀ ਜੁਦਾਈ ਜੱਗ ਨੇ ਬਣਾਈ ਕਿਸੇ ਨੂੰ ਕੀ ਕਹਿਣਾ?

ਆਪਣਾ ਘਰ ਛੱਡ ਕੇ ਜਾ ਪਰਾਏ ਘਰ ਵੱਸ ਜਾਣਾ,
ਸੰਜੋਗ ਮਿਲਾਵੇ ਮੇਲ ਜਿਸ ਘਰ ਦਾ ਪੀਣਾ-ਖਾਣਾ।

ਨਾ ਵੱਸ ਤੇਰਾ ਨਾ ਮੇਰਾ ਮਾਏ ਇਹ ਸਭ ਉਸ ਦਾ ਖੇਲ,
ਉਸ ਘਰ ਤੁਰ ਜਾਣਾ ਜਿਥੇ ਦਾ ਲਿਖਿਆ ਸਾਡਾ ਮੇਲ।

# ਬੇਅਦਬੀ ਗੁਰੂ ਗ੍ਰੰਥ ਸਾਹਿਬ

ਸਿੱਖਾਂ ਦਾ ਧਰਮ ਗਰੰਥ ਗੁਰੂ ਗ੍ਰੰਥ ਸਾਹਿਬ ਚੋਰੀ ਕੀਤਾ,
ਕਾਰਵਾਈ ਦੀ ਆਸ ਨਾਲ ਸਿੱਖਾਂ ਘੁੱਟ ਸਬਰ ਦਾ ਪੀਤਾ।

ਪ੍ਰਸ਼ਾਸਨ ਦੀ ਢਿੱਲ ਦੋਸ਼ੀਆਂ ਨੇ ਏਥੇ ਹੀ ਬਸ ਨਹੀਂ ਕੀਤਾ,
ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਰਕਾ ਵਰਕਾ ਕੀਤਾ।

ਜਦੋਂ ਚੋਰੀ ਦੀ ਖ਼ਬਰ ਮੌਜੂਦਾ ਪ੍ਰਸ਼ਾਸਨ ਨੂੰ ਕੀਤੀ ਗਈ,
ਕੋਈ ਵੀ ਉਚਿਤ ਕਾਰਵਾਈ ਨਾ ਕਰਕੇ ਚੁੱਪ ਵੱਟ ਲਈ।

ਜਦੋਂ ਫਿਰ ਵਰਕਾ ਵਰਕਾ ਕਰ ਬੇਅਦਬੀ ਕਰ ਵਿਖਾਈ,
ਸਿੱਖ ਉਤਰੇ ਸੜਕਾਂ 'ਤੇ ਤਾਂ ਸਰਕਾਰ ਹਰਕਤ ਵਿੱਚ ਆਈ।

ਸਿੱਖਾਂ ਦੇ ਰੋਸ ਮੁਜ਼ਾਹਰੇ 'ਤੇ ਲਾਠੀਚਾਰਜ ਕਰ ਗੋਲੀ ਚਲਾਈ,
ਨੌਬਤ ਨਾ ਆਉਂਦੀ ਜੇ ਦੋਸ਼ੀਆਂ ਨੂੰ ਪਹਿਲਾਂ ਹੁੰਦੀ ਨੱਥ ਪਾਈ।

ਦੋ ਸਿੱਖਾਂ ਦੀ ਮੌਤ ਨੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ,
ਕੁਝ ਕੁ ਅਫ਼ਸਰਾਂ ਨੂੰ ਮੁਅੱਤਲ ਕਰ ਆਪਣਾ ਪੱਲਾ ਝੜਵਾਇਆ।

ਸਰਕਾਰ, ਧਰਮ ਉਸ ਦਾ ਆਧਾਰ ਧਰਮ-ਗ੍ਰੰਥ ਚੋਰੀ ਹੋ ਜਾਵੇ,
ਧਰਮ ਦੇ ਨਾਂ 'ਤੇ ਬਣੀ ਸਰਕਾਰ ਕੋਈ ਕਾਰਵਾਈ ਨਾ ਕਰ ਪਾਵੇ।

ਕੀ ਆਸ ਉਸ ਸਰਕਾਰ ਤੋਂ ਜਿਹੜੀ ਧਰਮ ਦਾ ਖੱਟਿਆ ਖਾਵੇ,
ਸਰਕਾਰ ਦੇ ਕੰਨਾਂ 'ਤੇ ਜੂੰ ਤਕ ਨਾ ਸਰਕੀ ਧਰਮ ਨੂੰ ਕੌਣ ਬਚਾਵੇ?

ਆਪਣੀ ਸਰਕਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਸਵਾਲ,
ਤਿੰਨ-ਚਾਰ ਮਹੀਨੇ ਬੀਤ ਜਾਣ ਮੁਲਜ਼ਮ ਨਾ ਫੜੇ ਜਾਣ ਇਹ ਹਾਲ।

ਦੋਸ਼ੀਆਂ ਨੂੰ ਫੜਨਾ ਸਰਕਾਰ ਦਾ ਕੰਮ ਜੇ ਗੰਭੀਰ ਹੋਵੇ ਤਾਂ ਫੜਨ,
ਸਰਕਾਰ ਦੀ ਨੀਅਤ ਸਾਫ਼ ਹੋਵੇ ਦੁਖੀ ਹਿਰਦੇ ਸੜਕਾਂ 'ਤੇ ਨਾ ਚੜ੍ਹਨ।

# ਗੁਰੂ ਦਾ ਸਿੱਖ

ਜੇਕਰ ਸਿੱਖ ਇਤਿਹਾਸ ਦੇ ਵੇਖੀਏ ਪਲਟ ਵਰਕੇ,
ਕੁਝ ਵਾਰ ਗਏ ਜਾਨਾਂ ਕੁਝ ਲੈ ਸਰਦਾਰੀਆਂ ਸਰਕੇ।

ਕੌਮ ਖਾਤਰ ਮਰਨ ਵਰਤ ਤੋੜ ਬਦਨਾਮੀ ਖੱਟ ਲਵੇ,
ਨਹੀਂ ਗੁਰੂ ਦਾ ਸਿੱਖ ਜੋ ਆਪੇ ਥੁੱਕ ਕੇ ਆਪੇ ਚੱਟ ਲਵੇ।

ਸਿੱਖ ਜੋ ਕਹਿੰਦਾ, ਮੌਤ ਆ ਜਾਵੇ ਪਰ ਪਿੱਛੇ ਨਹੀਂ ਰਹਿੰਦਾ,
ਕੋਈ ਵੀ ਕਸ਼ਟ ਸਰੀਰ 'ਤੇ ਆਵੇ ਸਿੱਦਕ ਨਾਲ ਸਹਿ ਲੈਂਦਾ।

ਸ਼ਹੀਦ ਨਾ ਪੈਦਾ ਹੋਵਣ ਸਮਾਂ ਉਹਨਾਂ ਨੂੰ ਪੈਦਾ ਕਰਦਾ,
ਸੀਸ ਤਲੀ 'ਤੇ ਧਰ ਲੈਂਦਾ ਪਰ ਪੈਰ ਨਹੀਂ ਪਿੱਛੇ ਧਰਦਾ।

ਇਤਿਹਾਸ ਭਰਿਆ ਨਾਲ ਗ਼ਲਤੀਆਂ ਅਤੇ ਗਦਾਰੀਆਂ,
ਸਬਕ ਸਿੱਖ ਗ਼ਲਤੀਆਂ ਤੋਂ ਕੌਮਾਂ ਨਹੀਂ ਕਦੀ ਹਾਰੀਆਂ।

ਕੌਮ ਉਹਨਾਂ ਨੂੰ ਲਾਹਨਤਾਂ ਪਾਉਂਦੀ ਜੋ ਛੱਡ ਜਾਣ ਮੈਦਾਨ,
ਫਿਰ ਹੋਰ ਕੋਈ ਉੱਠੇ ਗੁਰੂ ਦਾ ਸਿੱਖ ਜਿਹਨੂੰ ਕੌਮ ਕਰੇ ਸਲਾਮ।

ਯੋਧੇ ਕੌਮ ਦੀ ਖਾਤਰ ਮਰਨੇ ਵਾਲੇ ਨਹੀਂ ਹੁੰਦੇ ਵਿਚ ਹਜ਼ਾਰਾਂ,
ਕੌਮ ਦੀ ਖ਼ਾਤਰ ਮਰਨ ਲਈ ਉਹ ਖੜ੍ਹ ਜਾਣ ਵਿਚ ਕਤਾਰਾਂ।

# ਵੰਡ ਵੰਡਾਈ

ਜ਼ਮਾਨਾ ਬਦਲ ਗਿਆ ਆਪਣੇ ਆਪਣੇ ਨਹੀਂ ਲੱਗਦੇ,
ਆਪੋ ਆਪਣੇ ਰਸਤੇ ਸੱਭਦੇ ਜਿਵੇਂ ਖੁਲ੍ਹੇ ਦਰਿਆ ਵਗਦੇ।

ਖ਼ੂਨ ਸਫ਼ੈਦ ਇਕ-ਦੂਜੇ ਨੂੰ ਠਿੱਬੀ ਲਾਉਣ ਦੀ ਕੋਸ਼ਿਸ਼ ਕਰਦੇ,
ਛੋਟੀਆਂ-ਛੋਟੀਆਂ ਗੱਲਾਂ ਲੈ ਕੇ ਬਿਨਾਂ ਵਜ੍ਹਾ ਰਹਿੰਦੇ ਲੜਦੇ।

ਸਮਝਣ ਦੀ ਕੋਸ਼ਿਸ਼ ਨਾ ਕਰਨ ਰਾਈ ਦਾ ਪਹਾੜ ਬਣਾਵਣ,
ਜਾਇਦਾਦ ਦੀ ਵੰਡ ਲੈ ਕੇ ਕਚਿਹਰੀਆਂ ਵਿਚ ਧੱਕੇ ਖਾਵਣ।

ਦਰਾਣੀ-ਜਿਠਾਣੀ ਅਤੇ ਨੂੰਹ-ਸੱਸ ਲੜਦੀਆਂ ਰਹਿੰਦੀਆਂ,
ਮੇਹਣਿਉ ਕਮੇਹਣੀ ਹੁੰਦੀਆਂ ਨਾ ਕਿਸੇ ਦੀ ਗੱਲ ਸਹਿੰਦੀਆਂ।

ਭਰਾਵਾਂ ਦੀ ਨਹੀਂ ਬਣਦੀ ਪਿਉ ਦੀ ਗੱਲ ਨਹੀਂ ਸੁਣਦੇ,
ਵੰਡ-ਵੰਡਾਈ ਕਹਿੰਦੇ ਸੁਲ੍ਹਾ-ਸਫ਼ਾਈ ਦਾ ਰਾਹ ਨਹੀਂ ਚੁਣਦੇ।

ਸਰੀਕ ਵੀ ਨਾ ਬਹਿਣ ਦੇਵਣ ਬਲਦੀ 'ਤੇ ਤੇਲ ਪਾਉਂਦੇ,
ਦੂਸ਼ਣਬਾਜ਼ੀ ਦਾ ਉਹ ਇਕ-ਦੂਜੇ ਨੂੰ ਸਬਕ ਪੜ੍ਹਾਉਂਦੇ।

ਕਰਦੇ ਵੰਡ-ਵੰਡਾਈ ਰੋਜ਼ ਬਾਪੂ ਨਾਲ ਕਰਨ ਲੜਾਈ,
ਨਹੀਂ ਮਿਲ ਕੇ ਰਹਿਣਾ ਔਰਤਾਂ-ਮਰਦਾਂ ਨੂੰ ਪੜ੍ਹਤ ਪੜ੍ਹਾਈ।

ਆਪਣਾ ਹੱਕ ਛੱਡ ਕੇ ਵੰਡ ਕਰ 'ਤੀ ਬਾਪੂ ਹੋ ਗਏ ਕੱਲੇ,
ਵੇਲਾ ਆ ਗਿਆ ਬਾਪੂ ਸਾਂਭਣ ਦਾ ਕੋਈ ਨਾ ਉਹਨੂੰ ਝੱਲੇ।

ਸਾਰੇ ਪਿੰਡ ਵਿਚ ਰੌਲੀ ਪੈ ਗਈ ਬਾਪੂ ਕਰ 'ਤੀ ਵੰਡ-ਵੰਡਾਈ,
ਇਕ-ਦੂਜੇ ਨਾਲ ਲੱਗੇ ਲੜਨ ਸਾਂਭਣ ਦੀ ਜਦ ਵਾਰੀ ਆਈ।

ਇਕ-ਇਕ ਮਹੀਨਾ ਵਾਰੀ ਬੰਨ੍ਹ ਐਸੀ ਸਾਰਿਆਂ ਰਟ ਲਗਾਈ,
ਜੋ ਮਹੀਨਾ ਕੱਤੀ ਦਿਨਾਂ ਦਾ ਕੱਤੀਵੇਂ ਦਿਨ ਦੀ ਕਰਨ ਲੜਾਈ।

# ਪਰਦੇਸਾਂ ਦੀ ਜ਼ਿੰਦਗੀ

ਘਰ ਛੁੱਟਦਾ ਨਹੀਂ ਛੱਡਣਾ ਪੈਂਦਾ ਨਾਲ ਮਜਬੂਰੀਆਂ,
ਮਜਬੂਰੀਆਂ ਫਿਰ ਪਾ ਦੇਣ ਕੋਹਾਂ ਦੀਆਂ ਦੂਰੀਆ।

ਇਹ ਕਿਉਂ ਹੁੰਦਾ ਐਸਾ ਜਦ ਬਾਹਰ ਕਮਾਉਂਦੇ ਪੈਸਾ,
ਜਨਮ-ਭੂਮੀ ਅਤੇ ਪੈਸਾ ਵੇਖੋ ਦੋਵਾਂ ਦਾ ਮੇਲ ਹੈ ਕੈਸਾ !

ਵਿਚ ਪਰਦੇਸਾਂ ਚੱਲੇ ਮਾਂ-ਪਿਉ ਅਤੇ ਭੈਣ-ਭਰਾ ਛੱਡ ਕੱਲੇ,
ਕੋਈ ਨਾ ਸਾਨੂੰ ਰੋਕੇ ਕਹਿੰਦੇ ਵਿਚ ਪਰਦੇਸਾਂ ਬੱਲੇ ਬੱਲੇ।

ਬਾਪੂ ਦਾ ਪੁੱਤ ਸੌ ਕਿਲਿਆਂ ਦਾ ਮਾਲਕ ਛੱਡ ਕੇ ਚੱਲਿਆ,
ਐਸ਼ ਦੀ ਜ਼ਿੰਦਗੀ ਛੱਡ ਜਾ ਦਿਹਾੜੀਦਾਰਾਂ ਨਾਲ ਰਲਿਆ।

ਵਿੰਗੀ-ਟੇਡੀ ਰੋਟੀ ਵੇਖ ਤਵੇ 'ਤੇ ਅੱਜ ਬੇਬੇ ਚੇਤੇ ਆਉਂਦੀ,
ਪੱਕੀ ਪਕਾਈ ਮਿਲਦੀ ਸੀ ਫਿਰ ਆਪੇ ਮੈਨੂੰ ਖਵਾਉਂਦੀ।

ਬਾਪੂ ਦੇ ਸਿਰ ਕੀਤੀ ਐਸ਼ ਅੱਜ ਮੁੜ-ਮੁੜ ਚੇਤੇ ਆਉਂਦੀ,
ਕੀ ਦੱਸਾਂ ਹਾਲ ਮੈਂ ਬਾਪੂ ਨੂੰ ਕੋਈ ਸਮਝ ਨਹੀਂ ਆਉਂਦੀ।

ਮਾੜੇ ਚੰਗੇ ਦੀ ਫਿਕਰ ਹੁੰਦੀ ਸੀ ਬਾਪੂ ਨੂੰ ਸਾਨੂੰ ਪੂਰੀ ਐਸ਼,
ਐਸ਼ ਤਾਂ ਪਰਦੇਸੀਂ ਕਿੱਥੋਂ ਲੱਭਣੀ ਵਾਧੂ ਹੋ ਗਈ ਤਹਿਸ ਨਹਿਸ।

# ਕਿੱਧਰ ਗਏ

ਦਾਦੇ, ਨਾਨਕੇ, ਚਾਚੇ, ਤਾਏ, ਭੂਆ ਸਭ ਹੋਏ ਪਰਾਏ,
ਰਿਸ਼ਤੇਦਾਰਾਂ 'ਚੋਂ ਨਾ ਕੋਈ ਮਦਦ ਦਾ ਹੱਥ ਵਧਾਏ।

ਮਿੱਠੇ ਬੋਲ ਭਾਅ ਜੀ, ਵੀਰ ਜੀ, ਭੈਣ ਜੀ ਹੋ ਗਏ ਅਲੋਪ,
ਮਾੜੇ ਬੋਲ ਬੋਲਣ, ਮਿੱਠੀ ਵਾਲੇ ਸਿਧਾਰ ਗਏ ਪਰਲੋਕ।

ਕਲਜੁਗ, ਧੀ-ਭੈਣ ਦੀ ਇੱਜ਼ਤ ਨਾ ਰਹੀ ਸਮਾਜ ਅੰਦਰ,
ਡਰ ਭੈ ਨਾ ਕੋਈ ਹੋਵੇ ਗੁਰਦਵਾਰਾ ਮਸਜਿਦ ਜਾਂ ਮੰਦਰ।

ਨਹੀਂ ਰਹੇ ਛੰਭ, ਛੱਪੜ, ਟੋਭੇ, ਨਲਕੇ, ਖ਼ੂਹ ਅਤੇ ਤਲਾਬ,
ਜ਼ਹਿਰੀਲਾ ਹੋ ਗਿਆ ਅੱਜ ਪੰਜਾਂ ਦਰਿਆਵਾਂ ਦਾ ਆਬ।

ਨਾ ਅੱਜ ਰਈ ਛਿੰਝ, ਨਾ ਕੁਸ਼ਤੀ, ਬਾਜ਼ੀ ਅਤੇ ਅਖਾੜਾ,
ਪੀੜ੍ਹੀ, ਮੰਜੀ, ਮੂਹੜਾ ਤੇ ਪਲੰਘ ਦਾ ਵੀ ਹਾਲ ਮਾੜਾ।

ਪਾਥੀਆਂ, ਚੁੱਲ੍ਹਾ, ਚੌਂਕਾ, ਗੋਹੇ-ਪੋਚੇ ਦਾ ਨਾ ਰਿਹਾ ਨਿਸ਼ਾਨ,
ਚਿਮਟਾ, ਟੋਕਾ, ਲੋਹ, ਤੰਦੂਰ ਬਾਰੇ ਵੀ ਜਾਣੇ ਭਗਵਾਨ।

ਨਾ ਲੱਭਣ ਕਹੀ, ਰੰਬੀ, ਤੰਗਲੀ, ਜਿੰਦਰਾ ਅਤੇ ਸੰਲਾਘਾ,
ਖੁੱਲ੍ਹੇ ਕਰ ਲਏ ਖੇਤ ਨਾ ਰਹੀ ਪਗਡੰਡੀ ਨਾ ਕੱਚਾ ਲਾਂਘਾ।

ਕਿੱਧਰ ਗਏ ਭੂਰਾ, ਕੰਬਲ, ਲੋਈ, ਦਰੀ, ਖੇਸ ਅਤੇ ਖੇਸੀ,
ਨਹੀਂ ਲੱਭਦੇ ਸਾਹਲ, ਗੁਨੀਆਂ, ਕਰੰਡੀ, ਰੰਬਾ, ਰੰਦਾ ਤੇਸੀ।

ਯੁੱਗ ਬਦਲ ਗਿਆ ਹੁਣ ਨਾਲ ਜ਼ਮਾਨੇ ਬਦਲਣਾ ਪੈਣਾ,
ਬਹੁਤੇ ਚਿੰਨ੍ਹ ਅਲੋਪ ਹੋ ਗਏ ਬਾਕੀ ਰਹਿੰਦਿਆਂ ਨੇ ਹੋ ਜਾਣਾ।

# ਮੇਰੀ ਕਵਿਤਾ

ਮੇਰੇ ਖਿਆਲ ਮੇਰੀ ਨੀਂਦ ਦੁਆਲੇ ਘੁੰਮਦੇ ਰਹਿੰਦੇ,
ਭਰ ਪਿਆਲਾ ਉਛਲਣ ਲੱਗੇ ਉੱਠਣ ਲਈ ਕਹਿੰਦੇ।

ਲੱਗਦਾ ਜਿਵੇਂ ਇਹ ਸਿਸਕੀਆਂ ਲੈ ਹੌਕੇ ਪਏ ਭਰਦੇ,
ਉੱਠ ਕੇ ਬਹਿ ਜਾਂਦਾ ਤਾਂ ਮੇਰੀ ਕਲਮ ਵੱਲ ਇਸ਼ਾਰਾ ਕਰਦੇ।

ਇਹਨਾਂ ਦੀਆਂ ਅੱਖਾਂ ਵਿਚੋਂ ਨੀਰ ਵਗਣਾ ਸ਼ੁਰੂ ਹੋ ਜਾਂਦਾ,
ਨੀਰ ਨੂੰ ਸਮਝ ਕੇ ਸਿਆਹੀ ਕੁਝ ਲਿਖਣਾ ਸ਼ੁਰੂ ਹੋ ਜਾਂਦਾ।

ਮੈਂ ਸੋਚਦਾ ਜੇਕਰ ਇਹਨਾਂ ਨੂੰ ਅੱਖੋਂ-ਪਰੋਖੇ ਕਰ ਬਹਿੰਦਾਂ,
ਇਹਨਾਂ ਦਾ ਸਫ਼ਰ ਏਥੇ ਹੀ ਮੁੱਕ ਜਾਣਾ ਸੀ ਜੋ ਰਹਿੰਦਾ।

ਉੱਠ ਕੇ ਬਹਿ ਗਿਆ ਕਰ ਇਕੱਠੇ ਗੋਦੀ ਵਿਚ ਪਾ ਲਿਆ,
ਫਿਰ ਦੋਸਤੀ ਕਰ ਇਹਨਾਂ ਨਾਲ ਗਲੇ ਨਾਲ ਲਾ ਲਿਆ।

ਖਿਆਲਾਂ ਦਾ ਸੰਗ੍ਰਹਿ ਕਵਿਤਾ ਦਾ ਬਣ ਗਿਆ ਆਧਾਰ,
ਇਕ-ਇਕ ਕਰਕੇ ਇਹਨਾਂ ਦੀ, ਸੋਚ ਮੇਰੀ ਲੈ ਲਈ ਸਾਰ।

ਮੇਰਾ ਇਹਨਾਂ ਨਾਲ ਪਿਆਰ ਮੇਰੀ ਕਵਿਤਾ ਦਾ ਆਧਾਰ,
ਮਰਨ ਤੋਂ ਬਚਾਉਣ ਨਾਲ ਮੇਰੀ ਕਵਿਤਾ ਹੋ ਗਈ ਤਿਆਰ।

# ਕਿੱਥੇ ਆਲ੍ਹਣਾ ਪਾਵਾਂ

ਅਮੀਰ ਦੀ ਜੰਨਤ, ਰਹਿੰਦਾ ਵਿਚ ਆਲੀਸ਼ਾਨ ਕੋਠੀ,
ਗ਼ਰੀਬ ਰੁਲਦਾ, ਨਾ ਹੋਵੇ ਦੋ ਡੰਗ ਦੀ ਨਸੀਬ ਰੋਟੀ।

ਗ਼ਰੀਬ ਨੂੰ ਨਹੀਂ ਮਿਲਦਾ ਕੱਪੜਾ ਤਨ ਢੱਕਣ ਨੂੰ,
ਅਮੀਰ ਕੋਲ ਜ਼ਰੂਰਤ ਤੋਂ ਵੱਧ ਥਾਂ ਨਾ ਲੱਭੇ ਰੱਖਣ ਨੂੰ।

ਪੁੱਛੋ ਗ਼ਰੀਬ ਦਾ ਕੀ ਹਾਲ ਜਿਸ ਦੇ ਬੱਚੇ ਭੁੱਖੇ ਸਉਂਦੇ,
ਅਮੀਰ ਦਾ ਕੀ ਸਲਾਹੁਣਾ ਕੁੱਤੇ ਕਾਰਾਂ ਵਿਚ ਫਿਰਾਉਂਦੇ।

ਸਿਰ 'ਤੇ ਛੱਤ ਨਹੀਂ ਫੁੱਟ-ਪਾਥ 'ਤੇ ਪੈਂਦਾ ਸਉਣਾ,
ਚਿੰਤਾ, ਪਤਾ ਨਹੀਂ ਕੱਲ੍ਹ ਆਉਣਾ ਕਿ ਨਹੀਂ ਆਉਣਾ !

ਪੈਦਾਇਸ਼ੀ ਬੇਘਰੇ ਕਹਾਉਂਦੇ ਲੋਕੀਂ ਨਹੀਂ ਨੇੜੇ ਆਉਂਦੇ,
ਐਸਾ ਕਿਉਂ ਸਾਡੇ ਨਾਲ ਅਸੀਂ ਵੀ ਗੁਣ ਤੇਰੇ ਗਾਉਂਦੇ ?

ਗ਼ਰੀਬ ਦਾ ਪਰਛਾਵਾਂ ਨਾ ਕੋਈ ਪਤਾ ਨਾ ਸਰਨਾਂਵਾਂ,
ਨਾ ਘਰ ਨਾ ਬਾਹਰ ਕਿੱਥੇ ਇਹ ਸਰੀਰ ਲੈ ਕੇ ਜਾਵਾਂ ?

ਲਾਚਾਰ ਹਾਂ ਬੇਸਹਾਰਾ ਕਿਸ ਸੰਗ ਪ੍ਰੀਤ ਲਾਵਾਂ,
ਇੱਕੋ ਗਮ ਖਾਈ ਜਾਂਦਾ ਫਿਰ ਕਿੱਥੇ ਆਲ੍ਹਣਾ ਪਾਵਾਂ ?

ਦਰ-ਦਰ ਦੀਆਂ ਠੋਕਰਾਂ ਖਾਵੇ ਮਨ ਨੂੰ ਚੈਨ ਨਾ ਆਵੇ,
ਰੱਬਾ ਇਹ ਤੇਰਾ ਇਨਸਾਫ਼ ਤੇਰੇ ਦਰ ਤੋਂ ਦੂਰ ਨਾ ਜਾਵੇ।

ਉਹ ਵੀ ਤੇਰਾ ਬੰਦਾ ਸਮਾਜ ਨੂੰ ਨਹੀਂ ਲੱਗਦਾ ਚੰਗਾ,
ਕੋਈ ਕੁਝ ਵੀ ਕਹੇ ਉਹ ਨਹੀਂ ਕਿਸੇ ਨੂੰ ਕਹਿੰਦਾ ਮੰਦਾ।

ਸਭ ਤੇਰੇ ਬਣਾਏ ਬੰਦੇ ਫਿਰ ਕਿਉਂ ਇਹ ਦੂਰੀਆਂ,
ਕੁਝ ਨੂੰ ਐਸ਼ ਕੁਝ ਦਿਨ ਕੱਟਦੇ ਨਾਲ ਮਜਬੂਰੀਆਂ !

# ਦੋ ਗਜ਼ ਭੌਂ

ਸਰੀਰ ਮਿੱਟੀ ਦਾ ਪੁਤਲਾ ਮਿੱਟੀ ਵਿਚ ਮਿਲ ਜਾਊ,
ਜੀਉਂਦਿਆਂ ਪੈਰਾਂ ਥੱਲੇ ਤੇ ਮੋਇਆਂ ਉੱਪਰ ਆਊ।

ਆਖਰ ਦੋ ਗਜ਼ ਮਿਲਣੀ ਭੌਂ ਸਦਾ ਲਈ ਜਾਣਾ ਸੌਂ,
ਫਿਰ ਵੀ ਹੱਥੀਂ ਪਾਪ ਕਮਾਉਣ ਦੀ ਕਿਉਂ ਖਾਧੀ ਸਹੁੰ।

ਜਿਉਂਦਿਆਂ ਮੇਰੀ ਮੇਰੀ, ਬਾਅਦ ਮਿੱਟੀ ਦੀ ਢੇਰੀ,
ਸਭ ਕੁਝ ਏਥੇ ਰਹਿ ਜਾਊ ਨਾਲੇ ਹਸਰਤ ਤੇਰੀ।

ਮਨੁੱਖ ਆਪਣੇ ਹੀ ਬਣਾਉਣ ਵਾਲੇ ਨੂੰ ਭੁੱਲ ਬੈਠਾ,
ਸਾਥ ਜਿਨ੍ਹਾਂ ਨਹੀਂ ਜਾਣਾ ਉਹਨਾਂ 'ਤੇ ਡੁੱਲ੍ਹ ਬੈਠਾ।

ਮਹਾਨ ਸਿਕੰਦਰ ਵੀ ਨਾ ਸਕਿਆ ਮੋੜ ਆਪਣਾ ਕਾਲ,
ਮਿਟ ਨਾ ਸਕੇ ਹੋਣੀ, ਜਦ ਆਵੇ, ਉਠਾ ਲੈ ਜਾਵੇ ਨਾਲ।

ਰਿਆਸਤਾਂ ਦਾ ਮਾਲਕ ਵੀ ਅੱਜ ਖਾਲੀ ਹੱਥ ਚੱਲਿਆ,
ਛੱਡ ਸਿੰਘਾਸਨ ਤੁਰ ਪਿਆ ਆਇਆ ਕਾਲ ਨਾ ਟਲਿਆ।

ਸਾਰੀ ਉਮਰ ਗਵਾ ਲਈ ਕਰ ਲਈ ਪਾਪਾਂ ਭਾਰੀ ਪੰਡ,
ਖਾਲੀ ਆਇਆ ਖਾਲੀ ਜਾਣਾ ਵੇਖ ਲਿਆ ਸਭ ਹੰਢ।

# ਮਾਂ ਨੂੰ ਪੁੱਤ ਪਿਆਰਾ

ਸੌ ਰਿਸ਼ਤੇ ਹੋਣ ਮਾਂ ਵਰਗਾ ਹੋਣਾ ਨਹੀਂ,
ਰੱਬਾ ! ਮਾਂ ਦਾ ਪਿਆਰ ਕਦੀ ਖੋਹਣਾ ਨਹੀਂ।

ਲੱਖ ਰਿਸ਼ਤੇਦਾਰ ਮਾਂ ਵਰਗੇ ਕਿਸੇ ਹੋਣਾ ਨਹੀਂ,
ਮਾਂ ਰੱਬ ਦਾ ਦੂਜਾ ਨਾਂ ਉੱਪਰ ਕਿਸੇ ਹੋਣਾ ਨਹੀਂ।

ਮਾਂਵਾਂ ਸਦਾ ਰਹਿਣ ਜੱਗ 'ਤੇ ਮਾਂ ਦਾ ਕੀ ਸਲਾਹੁਣਾ,
ਆਪ ਭਾਵੇਂ ਪੈਂਦੇ ਸੌਂਵੇ ਪੁੱਤ ਨੂੰ ਸਿਰਹਾਣੇ ਪਾਉਣਾ।

ਜਗਤ ਦੀ ਪਰਵਾਹ ਨਾ ਭਾਵੇਂ ਪੁੱਤ ਨੂੰ ਬੋਲੇ ਮੰਦਾ,
ਮਾਂ ਕਹਿੰਦੀ ਮੇਰਾ ਪੁੱਤ ਸਾਰੇ ਜਹਾਨ ਤੋਂ ਚੰਗਾ।

ਚੰਗੇ-ਮਾੜੇ ਕੰਮ ਤੋਂ ਮਾਂ ਬਿਨਾਂ ਨਾ ਕੋਈ ਰੋਕੇ,
ਮਾਂ ਜੋ ਪੁੱਤ ਨੂੰ ਹਮੇਸ਼ਾਂ ਬੁਰੀ ਸੰਗਤ ਤੋਂ ਟੋਕੇ।

ਪੁੱਤ ਚਾਂਦ ਦਾ ਟੁਕੜਾ ਮਾਂ ਦੀ ਆਤਮਾ ਕਹਿੰਦੀ,
ਮਾੜਾ ਸ਼ਬਦ ਨਾ ਬੋਲੇ ਸਿਫ਼ਤਾਂ ਕਰਦੀ ਰਹਿੰਦੀ।

ਸਰਦੀ ਹੋਵੇ ਜਾਂ ਗਰਮੀ ਮਾਂ ਪੁੱਤ ਨੂੰ ਲੈ ਲੁਕੋਵੇ,
ਮਨ-ਪਸੰਦ ਦੇ ਕੱਪੜੇ ਮਹਿੰਗਾ ਜਾਂ ਸਸਤਾ ਹੋਵੇ।

ਮਾਂ ਨੂੰ ਪੁੱਤ ਪਿਆਰੇ ਹੋਵਣ ਸਾਰੇ ਜੱਗ ਤੋਂ ਨਿਆਰੇ,
ਪੁੱਤ ਕਰੇ ਤਰੱਕੀਆਂ ਕਹਿੰਦੇ ਮਾਂ ਭਾਗਾਂਵਾਲੀ ਸਾਰੇ।

ਪੁੱਤ ਕਪੁੱਤ ਹੋ ਜਾਵਣ ਮਾਂਵਾਂ ਨਾ ਬੋਲਣ ਮੰਦਾ ਕਦੀ,
ਹਮੇਸ਼ਾਂ ਖ਼ੈਰ ਪੁੱਤ ਦੀ ਮੰਗਣ ਕੋਈ ਹੋਵੇ ਅਬੀ-ਨਬੀ।

ਮਾਂਵਾਂ ਨਾ ਮਿਲਦੀਆਂ ਵਿਚ ਗੁਫ਼ਾਵਾਂ ਜੇ ਢੂੰਡਣ ਜਾਵਾਂ,
ਮਾਂ ਨਹੀਂ ਫਰਿਸ਼ਤਾ ਮਾਂ ਨਾਲੋਂ ਨਹੀਂ ਕੋਈ ਵੱਡਾ ਰਿਸ਼ਤਾ।

# ਧੀ ਨਾ ਕੁੱਖ ਵਿਚ ਮਾਰ

ਪੁੱਤ ਨਾ ਵਿਕਦੇ ਹੱਟੀਂ ਧੀਆਂ ਨਾ ਬਜ਼ਾਰ ਨੀ ਮਾਏ.
ਧੀ ਨੂੰ ਕੁੱਖ ਵਿਚ ਮਾਰ ਕੇ ਨਾ ਕਹਿਰ ਗੁਜ਼ਾਰ ਨੀ ਮਾਏ,
ਧੀ ਨਾ ਕੁੱਖ ਵਿਚ ਮਾਰ ਨੀਂ ਮਾਏ ਧੀ ਨਾ ........

ਧੀਆਂ ਮਾਰਦੇ ਰਹੇ ਕੀ ਹੋਊ ਉਹਨਾਂ ਦਾ ਹਾਲ ਨੀ ਮਾਏ,
ਨਾ ਨੂੰਹ ਨਾ ਵੀਰ ਨੂੰ ਭੈਣ ਧੀਆਂ ਦਾ ਪੈ ਜਾਊ ਕਾਲ ਨੀ ਮਾਏ,
ਬੇਸਮਝੇ ਨਾ ਸਮਝੇਂ ਤੈਨੂੰ ਜਤਾਉਣੀ ਪੈਂਦੀ ਹਰ ਵਾਰ ਨੀ ਮਾਏ,
ਧੀ ਨਾ ਕੁੱਖ ਵਿਚ ਮਾਰ ਨੀ ਮਾਏ ਧੀ ਨਾ ..........

ਪੁੱਤਾਂ ਬਿਨ ਘਰ ਬਾਹਰ ਨਾ, ਧੀਆਂ ਬਿਨ ਪਰਵਾਰ ਨਾ ਮਾਏ,
ਦੋਹਾਂ ਦਾ ਜ਼ਰੂਰੀ ਅੱਗੇ ਤੋਰਨ ਲਈ ਇਹ ਸੰਸਾਰ ਨੀ ਮਾਏ,
ਧੀ ਨਾ ਕੁੱਖ ਵਿਚ ਮਾਰ ਨੀ ਮਾਏ ਧੀ ਨਾ ..........

ਧੀਆਂ ਖਾਣਾ ਰੱਬ ਦਾ ਦਿੱਤਾ ਨਾ ਤੇਰੇ 'ਤੇ ਕੋਈ ਭਾਰ ਨੀ ਮਾਏ,
ਧੀ ਪੁੱਤ ਵਿਚ ਫ਼ਰਕ ਨਾ ਕਿਉਂ ਧੀ ਦੀ ਨਾ ਲਵੇਂ ਸਾਰ ਨੀ ਮਾਏ,
ਧੀ ਨਾ ਕੁੱਖ ਵਿਚ ਮਾਰੀ ਨੀ ਮਾਏ ਧੀ ਨਾ ..........

ਜੱਗ ਸਾਰਾ ਫਿਟਕਾਂ ਪਾਊ ਲੱਗ ਜਾਊ ਹਾਹਾਕਾਰ ਨੀ ਮਾਏ,
ਪੁੱਤ ਦਾ ਲਾਲਚ, ਧੀ ਨਾਲ ਨਾ ਚੰਗਾ ਕਰੇਂ ਵਿਹਾਰ ਨੀ ਮਾਏ,
ਧੀ ਨਾ ਕੁੱਖ ਵਿਚ ਮਾਰ ਨੀ ਮਾਏ ਧੀ ਨਾ ...........

ਇਹ ਗੱਲ ਨਾ ਤੇਰੇ ਜ਼ਿਹਨ 'ਚ ਪੈਂਦੀ ਹਰ ਵਾਰ ਪੈਂਦਾ ਕਹਿਣਾ,
ਮਾਂ ਗੁਜਰੀ ਵਰਗੀਆਂ ਮਾਂਵਾਂ ਬੇਬੇ ਨਾਨਕੀ ਵਰਗੀਆਂ ਭੈਣਾਂ,
ਇਸ ਗੱਲ ਨੂੰ ਜ਼ਰਾ ਵਿਚਾਰ ਨੀ ਮਾਏ,
ਧੀ ਨਾ ਕੁੱਖ ਵਿਚ ਮਾਰ ਨੀ ਮਾਏ ਧੀ ਨਾ ..........

ਧੀਆਂ ਪੁੱਤਾਂ ਤੋਂ ਘੱਟ ਨਹੀਂ ਦੋਹਾਂ ਨੂੰ ਦੇ ਇੱਕੋ ਪਿਆਰ ਨੀ ਮਾਏ
ਨਾ ਬੁੱਧੀ ਭ੍ਰਿਸ਼ਟ ਕਰ ਨਾ ਅਸੂਲ ਕੁਦਰਤ ਦਾ ਨਕਾਰ ਨੀ ਮਾਏ,
ਧੀ ਨਾ ਕੁੱਖ ਵਿਚ ਮਾਰ ਨੀ ਮਾਏ ਧੀ ਨਾ ............

ਧੀਆਂ ਮਾਂ-ਪਿਉ ਦਾ ਦੁੱਖ ਵੰਡਾਵਣ ਆਪੇ ਤੂੰ ਇਹ ਕਹੇਂ ਨੀ ਮਾਏ,
ਫਿਰ ਕਿਉਂ ਹਰ ਵਕਤ ਤੂੰ ਪੁੱਤ ਨੂੰ ਵਡਿਆਉਂਦੀ ਰਹੇਂ ਨੀ ਮਾਏ,
ਧੀ ਦਾ ਹਿੱਸਾ ਰੱਖ ਨਾ, ਪੁੱਤ ਦਾ ਕਰ ਪੱਖ ਨਾ, ਇਹੋ ਹੈ ਚਤਰਾਈ,
ਇਸ ਜੀਵਨ ਨੂੰ ਲੈ ਤਾਰ ਨੀ ਮਾਏ,
ਧੀ ਨਾ ਕੁੱਖ ਵਿਚ ਮਾਰ ਨੀ ਮਾਏ ਧੀ ਨਾ ...........

ਰਿਸ਼ੀ-ਮੁਨੀ ਪੈਦਾ ਕੀਤੇ ਸੰਸਾਰ ਨੂੰ ਗਏ ਨੇ ਤਾਰ ਨੀ ਮਾਏ,
ਧੀ ਕਿਸਮਤ ਨਾਲ ਲਿਆਊ ਮਨ ਇਸ ਅੱਗੇ ਹਾਰ ਨੀ ਮਾਏ,
ਧੀ ਨਾ ਕੁੱਖ ਵਿਚ ਮਾਰ ਨੀ ਮਾਏ ਧੀ ਨਾ ...........

ਕਦੀ ਐਸਾ ਦਿਨ ਆਊ ਜਦੋਂ ਹਰ ਕੋਈ ਧੀ ਦੀ ਲੋਹੜੀ ਪਾਊ,
ਰਾਜੇ ਯੋਧੇ ਜੰਮਣ ਵਾਲੀ ਜੰਮਣ ਤੋਂ ਪਹਿਲਾਂ ਨਾ ਮਰ ਜਾਊ,
ਜੱਗ ਸਾਰਾ ਗੁਣ ਗਾਊ ਸਮਾਜ ਕਰੂ ਵਾਹ ਵਾਹ ਕਾਰ ਨੀ ਮਾਏ,
ਧੀ ਨਾ ਕੁੱਖ ਵਿਚ ਮਾਰ ਨੀ ਮਾਏ ਧੀ ਨਾ ...........

ਧੀਆਂ ਚਿੜੀਆਂ ਦਾ ਚੰਬਾ ਇਕ ਦਿਨ ਉਡ ਜਾਣਾ ਨੀ ਮਾਏ,
ਦੂਜੇ ਘਰ ਦੀ ਬਣ ਨੂੰਹ ਪਰਵਾਰ ਨੂੰ ਅੱਗੇ ਵਧਾਣਾ ਨੀ ਮਾਏ,
ਪਰਵਾਰ-ਦਰ-ਪਰਵਾਰ ਚੱਲਦੇ ਤੂੰ ਜੱਗ 'ਤੇ ਆਈ ਨੀ ਮਾਏ,
ਜੋ ਸੱਚ ਹੈ ਉਹ ਸੱਚ, ਨਾ ਕੋਈ ਦੇਹ ਸਫ਼ਾਈ ਨੀ ਮਾਏ,
ਜੇ ਤੂੰ ਚਲਾਉਣਾ ਚਾਹੇਂ ਆਪਣਾ ਅੱਗੇ ਪਰਵਾਰ ਨੀ ਮਾਏ,
ਧੀ ਨਾ ਕੁੱਖ ਵਿਚ ਮਾਰ ਨੀ ਮਾਏ ਧੀ ਨਾ ਕੁੱਖ ਵਿਚ ਮਾਰ।

# ਭਗਤ ਸਿੰਘ ਦੀ ਕੁਰਬਾਨੀ

ਭਗਤ ਸਿੰਹਾਂ ਤੇਰੇ ਵਰਗਾ ਨਾ ਹੋਣਾ ਨਾ ਕੋਈ ਹੋਇਆ,
ਰਹਿੰਦੀ ਦੁਨੀਆਂ ਤੱਕ ਨਾਂ ਰਹੇਗਾ ਐਸਾ ਬੀਜ ਤੂੰ ਬੋਇਆ।

ਕਿਹੜੇ ਮਾਂ-ਪਿਉ ਜੋ ਪੁੱਤ ਨੂੰ ਐਸੇ ਕੰਮ ਕਰਨ ਲਈ ਕਹਿੰਦੇ,
ਰਾਤ ਨੂੰ ਪੁੱਤ ਘਰ ਲੇਟ ਆਵੇ ਬਰੂਹਾਂ ਵੱਲ ਤੱਕਦੇ ਰਹਿੰਦੇ।

ਨਿੱਜੀ ਹਿੱਤਾਂ ਨੂੰ ਛੱਡ ਕੇ ਜ਼ਿੰਮੇਵਾਰੀਆਂ ਦੀ ਪੰਡ ਪਿੱਛੇ ਸੁੱਟ ਕੇ,
ਅੰਗਰੇਜ਼ ਹਕੂਮਤ ਦਾ ਪਿੱਛਾ ਕੀਤਾ ਜੋ ਦੇਸ਼ ਨੂੰ ਖਾ ਗਈ ਲੁਟ ਕੇ।

ਇਹਨਾਂ ਬਹੁਤ ਵਧੀਕੀਆਂ ਕੀਤੀਆਂ ਸੌ ਸਾਲ ਦੇ ਰਾਜ-ਭਾਗ ਦੌਰਾਨ,
ਅਨੇਕਾਂ ਨਿਹੱਥੇ ਭਾਰਤੀਆਂ ਨੂੰ ਮਾਰ ਕੇ ਮਨੁੱਖਤਾ ਦਾ ਕੀਤਾ ਘਾਣ।

ਜੱਲ੍ਹਿਆਂ ਵਾਲੇ ਬਾਗ਼ ਦੀ ਘਟਨਾ ਦਾ ਨਕਸ਼ਾ ਜਦੋਂ ਸਾਹਮਣੇ ਆਵੇ,
ਅੰਗਰੇਜ਼ਾਂ ਪ੍ਰਤੀ ਭਾਰਤੀਆਂ ਦਾ ਖ਼ੂਨ ਸਹਿਜੇ ਹੀ ਖੌਲਣ ਲੱਗ ਜਾਵੇ।

ਲਾਲਾ ਲਾਜਪਤ ਰਾਏ ਦੀ ਮੌਤ ਨੇ ਸਾਥੀ ਭਾਰਤੀਆਂ ਨੂੰ ਵੰਗਾਰਿਆ,
ਭਗਤ ਸਿੰਘ ਅਤੇ ਸਾਥੀਆਂ ਅਸੰਬਲੀ ਵਿੱਚ ਬੰਬ ਸੁੱਟ ਲਲਕਾਰਿਆ।

ਹਕੂਮਤ ਨੇ ਤਿੰਨਾਂ ਨੂੰ ਜੇਲ੍ਹ ਵਿੱਚ ਦਿੱਤਾ ਡੱਕ ਬਗ਼ਾਵਤ ਦਾ ਦੋਸ਼ ਲਾ ਕੇ,
ਖੇਲ ਇਹਨਾਂ ਦਾ ਖ਼ਤਮ ਕਰ ਦਿੱਤਾ ਗਲ ਵਿੱਚ ਫਾਂਸੀ ਦਾ ਰੱਸਾ ਪਾ ਕੇ।

ਅੰਗਰੇਜ਼ਾਂ ਨੂੰ ਉਦੋਂ ਤਕ ਬਿਲਕੁਲ ਸੁੱਝ ਗਈ ਹੁਣ ਭਾਰਤ ਛੱਡਣਾ ਪੈਣਾ,
ਗਾਂਧੀ ਵਰਗੇ ਨੇਤਾਵਾਂ ਦਾ ਅੰਦੋਲਨਕਾਰੀ ਨਹੀਂ ਮੰਨਦੇ ਹੁਣ ਕਹਿਣਾ।

ਰਾਜ ਗੁਰੂ ਸੁਖਦੇਵ ਭਗਤ ਸਿੰਘ ਨੇ ਅੰਗਰੇਜ਼ ਹਕੂਮਤ ਹਿਲਾ ਦਿੱਤੀ,
ਇਹ ਭਾਵੇਂ ਨਹੀਂ ਰਹੇ ਅੰਗਰੇਜ਼ ਹਕੂਮਤ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ।

ਭਗਤ ਸਿੰਹਾਂ ਭਰ ਜਵਾਨੀ ਦਿੱਤੀ ਕੁਰਬਾਨੀ ਸਲਾਮ ਤੇਰੀ ਕੁਰਬਾਨੀ ਨੂੰ,
ਤੇਰੇ ਸੁਹਣੇ ਦੇਸ਼ ਪੰਜਾਬ ਵਿੱਚ ਨਸ਼ੇ ਨੋਚ-ਨੋਚ ਕੇ ਖਾ ਰਹੇ ਜਵਾਨੀ ਨੂੰ।

# ਟੁੱਟੀ ਡਾਲ

ਕੈਸਾ ਜ਼ਮਾਨਾ ਆਪਣੇ ਆਪਣੇ ਨਾ ਰਹੇ,
ਕੋਈ ਆਪਣਾ ਆਪਣੇ ਦੀ ਗੱਲ ਨਾ ਸਹੇ।

ਅੱਜ ਆਪਣਿਆਂ ਤੇ ਹੈ ਗਿਲਾ ਸਾਨੂੰ,
ਪਰਾਇਆਂ ਨੂੰ ਤੁਹਮਤਾਂ ਲਾਈਏ ਕਾਹਨੂੰ ?

ਪਰਵਾਰਾਂ ਵਿੱਚ ਸੰਪਤੀ ਦੀ ਵੰਡ ਦੀ ਚਰਚਾ,
ਬੁੱਢੇ ਮਾਂ-ਬਾਪ ਨੂੰ ਨਾ ਕੋਈ ਅੱਜ ਦੇਵੇ ਖ਼ਰਚਾ।

ਵੰਡ-ਵੰਡਾਈ ਦਾ ਸੰਤਾਪ ਬਥੇਰਾ ਹੰਢਾ ਲਿਆ,
"ਸੱਭੇ ਸਾਂਝੀਵਾਲ ਸਦਾਇਣ" ਨੂੰ ਭੁਲਾ ਲਿਆ।

ਕਈ ਚੁੱਲ੍ਹੇ ਬਲਣ ਦੀਆਂ ਰੀਤਾਂ ਚੱਲ ਪਈਆਂ,
ਇੱਕੋ ਚੌਂਕੇ ਬੈਠਣ ਵਾਲੀਆਂ ਗੱਲਾਂ ਗਈਆਂ।

ਸਾਂਝੇ ਪਰਵਾਰਾਂ ਨਾਲ ਸਾਂਝੇ ਸੀ ਘਰ-ਬਾਰ,
ਨਹੀਂ ਰਿਹਾ ਅੱਜ ਪਹਿਲਾਂ ਵਾਲਾ ਪਿਆਰ।

ਬੂਟੇ ਦੀ ਸਾਖ ਬੂਟੇ ਦੀਆਂ ਟਾਹਣੀਆਂ ਨਾਲ,
ਯਾਰਾਂ ਦੋਸਤਾਂ ਦੀ ਮਹਿਫ਼ਲ ਹਾਣੀਆਂ ਨਾਲ।

ਸਾਡੀ ਹਾਲਤ ਬ੍ਰਿਛ ਤੋਂ ਟੁੱਟੀ ਡਾਲ ਦੀ ਤਰ੍ਹਾਂ,
ਵਾਂਗ ਪਰਿੰਦੇ ਫਿਰਦੇ ਨਾ ਕੋਈ ਪਿੰਡ ਨਾ ਗਿਰਾਂ।

# ਬਚਪਨ ਦੀਆਂ ਯਾਦਾਂ

ਪਿੰਡ ਦੀਆਂ ਗੁੰਦੀਆਂ ਯਾਦਾਂ ਇਕੱਠੀਆਂ ਕਰ ਵਿਖਾਈਆਂ,
ਇਹਨਾਂ ਯਾਦਾਂ ਵਿਚੋਂ ਅੱਜ ਪਿੰਡ ਦੀਆਂ ਝਲਕਾਂ ਪਾਈਆਂ।

ਪਰਦੇਸਾਂ ਵਿੱਚ ਬੈਠਿਆਂ ਅੱਜ ਬਚਪਨ ਦੀਆਂ ਯਾਦਾਂ ਆਈਆਂ,
ਵਤਨੋਂ ਦੂਰ ਚਲੇ ਗਏ ਪਰ ਇਹ ਨਾ ਕਦੇ ਜਾਣ ਭੁਲਾਈਆਂ।

ਅਸੀਂ ਵੀ ਇਹ ਅੱਜ ਸਾਂਭ ਕੇ ਰੱਖੀਆਂ ਜੋ ਸਾਡੇ ਹਿੱਸੇ ਆਈਆਂ,
ਹਿਰਦੇ ਵਿਚ ਲੁਕਾਈ ਬੈਠੇ ਜੀਵਨ ਦੀਆਂ ਸੱਚਾਈਆਂ।

ਚੱਲਦੇ ਇੰਜਣ ਦੀ ਠੁਕ-ਠੁਕ ਚਬੱਚੇ ਵਿੱਚ ਪੈਂਦੀ ਬੰਬੀ ਦੀ ਧਾਰ,
ਕੜਾਹੇ ਵਿੱਚ ਪੱਤ ਦਿੱਸੇ ਨਾਲ ਗੰਡਾ ਗੁੜ ਜੱਟ ਕਰਦਾ ਤਿਆਰ।

ਬੰਬੀ ਦਾ ਪਾਣੀ ਖਾਲ ਵਿੱਚ ਦੂਰ ਤੱਕ ਦਿੱਸੇ ਪਈ ਹਰਿਆਲੀ,
ਮੱਝਾਂ ਡੰਗਰਾਂ ਅਤੇ ਬੱਕਰੀਆਂ ਦੇ ਝੁੰਡ ਕੋਈ ਜਗ੍ਹਾ ਨਹੀਂ ਖਾਲੀ।

ਖੁਰਲੀ 'ਤੇ ਮੱਝਾਂ ਦਿੱਸਣ ਨਾਲ ਚਾਰੇ ਵਾਲਾ ਟੋਕਾ ਪਿਆ ਚੱਲਦਾ,
ਕਾਮਾ ਟੋਕਰਾ ਬਣਾਵੇ ਬਾਪੂ ਮੰਜੇ ਬੈਠਾ ਖ਼ਾਸ ਸੁਨੇਹਾ ਘੱਲਦਾ।

ਗਾਂਈਂ ਦੀ ਧਾਰ, ਮੰਜੇ 'ਤੇ ਰੋਟੀਆਂ ਹਰੀ ਮਿਰਚ ਨਾਲ ਅਚਾਰ,
ਕੋਠੇ 'ਤੇ ਕਬੂਤਰ ਖੇਤਾਂ ਵਿੱਚ ਡੰਗਰ ਸਾਡੇ ਪਿੰਡ ਦੀ ਬਹਾਰ।

ਪਿੰਡ ਦੀ ਫਿਰਨੀ ਅਤੇ ਦੋਹੀਂ ਪਾਸੀਂ ਗੰਨੇ ਦੇ ਖੇਤਾਂ ਦਾ ਨਜ਼ਾਰਾ,
ਕਿਸਾਨ ਤੂੜੀ ਤੰਦ ਪੱਠੇ ਵੱਢ ਲਿਜਾਂਦਾ ਲੈਂਦਾ ਗੱਡੇ ਦਾ ਸਹਾਰਾ।

ਭੱਖਦਾ ਚੁੱਲ੍ਹਾ ਲੋਹ 'ਤੇ ਰੋਟੀਆਂ, ਨਾ ਲੱਭੇ ਚਾਟੀ ਵਿੱਚ ਮਧਾਣੀ,
ਚੁੱਲ੍ਹਾ ਗੈਸ ਆਈ ਨਾ ਕੋਈ ਤੜਕੇ ਉੱਠੇ ਘਰ ਦੀ ਕੋਈ ਸਵਾਣੀ।

ਗੰਨੇ ਦੇ ਖੇਤ ਪਿੰਡ ਦੀਆਂ ਮੁਟਿਆਰਾਂ ਸਿਰ ਪੰਡਾਂ ਆਪਣੇ ਰਾਹ,
ਪੇਂਡੂ ਜੀਵਨ ਦਾ ਨਜ਼ਾਰਾ ਮਨਭਾਉਂਦਾ ਸੁਖ ਦਾ ਲੈਂਦੇ ਸਾਹ।

# ਮੇਰੀ ਵਤਨ ਫੇਰੀ

ਕੀ ਦੱਸਾਂ ਮੈਂ ਕਿਉਂ ਗਿਆ ਸੀ,
ਮੈਂ ਇਉਂ ਹੀ ਇਉਂ ਗਿਆ ਸੀ।

ਨਵਾਂ ਪੰਜਾਬ ਤੱਕਣ ਗਿਆ ਸੀ,
ਯਾਦਾਂ ਤਾਜਾ ਰੱਖਣ ਗਿਆ ਸੀ।

ਪਰਵਾਰਿਕ ਮੁੱਦੇ ਢੱਕਣ ਗਿਆ ਸੀ,
ਮੁਸ਼ਕਿਲਾਂ ਦਾ ਹੱਲ ਲੱਭਣ ਗਿਆ ਸੀ।

ਕੌਡੀਉਂ ਹੌਲਾ ਹੋ ਕੇ ਵਾਪਸ ਆਇਆ,
ਕੀ ਦੱਸਾਂ ਕਿਸੇ ਨਾ ਪੱਲਾ ਫੜਾਇਆ।

ਆਖਰ ਖਾਲੀ ਹੱਥ ਵਾਪਸ ਆਇਆ,
ਕੁਝ ਦੋਸਤਾਂ ਮੇਰਾ ਸਾਥ ਨਿਭਾਇਆ।

ਆਪਣਿਆਂ ਦਾ ਅਹਿਸਾਸ ਮੂੰਹ ਫੇਰ ਲਿਆ,
ਦੋਸਤਾਂ ਸੰਗ ਰਹਿਣ ਦਾ ਮਜ਼ਾ ਕਿਆ !

ਆਪਣਿਆਂ ਤੋਂ ਵੱਧ ਦੋਸਤੀ ਨਿਭਾਈ,
ਆਪਣਿਆਂ ਨਾਲ ਨੇਕੀ ਰਾਸ ਨਾ ਆਈ।

ਆਪਣੇ ਆਪਣੇ ਨਾ ਬਣ ਜਾਣ ਪਰਾਏ,
ਐਸੇ ਵੇਲੇ ਫਿਰ ਦੋਸਤ ਹੀ ਕੰਮ ਆਏ।

ਦਿਨ-ਰਾਤ ਉਹ ਰਹਿੰਦੇ ਸੀ ਮੇਰੇ ਨਾਲ,
ਸੱਚ ਪੁੱਛੋ ਇਹ ਮੇਰੇ ਵਤਨ ਦਾ ਹਾਲ।

ਐਸੀਆਂ ਕੁਝ ਯਾਦਾਂ ਲੈ ਵਾਪਸ ਆਇਆ,
ਏਥੇ ਆ ਸਭ ਨੂੰ ਆਪਣਾ ਹਾਲ ਸੁਣਾਇਆ।

# ਔਲਾਦ ਦੇ ਦੁਖ-ਸੁਖ

ਧੀਆਂ ਜੇ ਹੋਵਣ ਆਗਿਆਕਾਰ ਨਮੋਸ਼ੀ ਨਾ ਖੱਟੀਏ,
ਪੁੱਤ ਜੇ ਹੋਵਣ ਨੇਕ ਘਰ ਵਿੱਚ ਸੁਖ ਦੀ ਜ਼ਿੰਦਗੀ ਕੱਟੀਏ।

ਜਿੱਥੇ ਇਹ ਬਖ਼ਸ਼ਿਸ਼ ਸਤਿਗੁਰ ਦੀ ਸੁਖੀ ਵੱਸੇ ਪਰਵਾਰ,
ਜਿਸ ਵੀ ਕਿਸੇ ਕੰਮ ਨੂੰ ਹੱਥ ਪਾਵਣ ਵਾਧੂ ਮਿਲੇ ਸਤਿਕਾਰ।

ਪਰਮਾਤਮਾ ਦੀ ਮਿਹਰ ਹੋਵੇ ਮਾੜੀ ਨਾ ਹੋਵੇ ਕਿਸੇ ਦੀ ਔਲਾਦ,
ਕਲਾ ਕਲੰਦਰ ਵੱਸੇ ਘੜਿਉਂ ਪਾਣੀ ਨੱਸੇ ਘਰੇ ਰਹੇ ਫ਼ਸਾਦ।

ਗਲੀ-ਮਹੱਲੇ ਰਿਸ਼ਤੇਦਾਰਾਂ ਵਿੱਚ ਫਿਰ ਵਾਧੂ ਹੋਵੇ ਦੰਦ ਕਥਿਆ,
ਮਾਂ-ਪਿਉ ਦੀਆਂ ਗੱਲਾਂ ਹੋਵਣ ਕੀ ਉਹਨਾਂ ਔਲਾਦ ਤੋਂ ਖੱਟਿਆ ?

ਧੀਆਂ-ਪੁੱਤ ਨਾ ਹੋਣ ਮਖੱਟੂ ਨਾ ਹੋਵਣ ਆਦਤਾਂ ਮਾੜੀਆਂ,
ਦੋਵੇਂ ਜਿਸ ਘਰ ਪੈਰ ਪਾਉਣ ਘਰ ਦੀਆਂ ਖ਼ੁਸ਼ੀਆਂ ਉਜਾੜੀਆਂ।

ਹਰ ਕੋਈ ਕਰੇ ਦੁਆ ਰੱਬਾ ਨਾ ਮਾੜੀ ਕਿਸੇ ਦੀ ਔਲਾਦ ਹੋਵੇ,
ਨਮੋਸ਼ੀ ਨਾਲ ਨਾ ਕੋਈ ਮਾਂ-ਪਿਉ ਆਪਣੀ ਕਿਸਮਤ ਨੂੰ ਰੋਵੇ।

ਮਾਂ-ਪਿਉ ਵੀ ਫਿਰ ਇਹ ਗੱਲ ਕਹਿੰਦੇ ਸਾਡੀ ਕਿਸਮਤ ਖੋਟੀ,
ਕੋਸਦੇ ਕੀ ਬਣੂ ਬੁਢਾਪੇ ਦਾ ਜਦੋਂ ਹੱਥ ਵਿੱਚ ਫੜ ਲਈ ਸੋਟੀ।

ਕੁਝ ਮਾਂ-ਪਿਉ ਦੁਖੀ ਔਲਾਦ ਤੋਂ ਕੁਝ ਫਿਰਦੇ ਇਹਨੂੰ ਤਰਸਦੇ,
ਤੇਰੀ ਨਿਗ੍ਹਾ ਸਵੱਲੀ ਹੋਵੇ ਤੇਰੀਆਂ ਰਹਿਮਤਾਂ ਦੇ ਫੁੱਲ ਬਰਸਦੇ।

# ਅੱਜ ਤੇਰੀ ਥੋੜ

ਕਲਜੁਗ ਦਾ ਪਹਿਰਾ ਬੰਦਾ ਬੰਦੇ ਦਾ ਵੈਰੀ,
ਜ਼ਾਲਮ ਹਾਕਮਾਂ ਦੀ ਭਖੀ ਰਹੇ ਕਚਿਹਰੀ।

ਅੱਜ ਤੇਰੇ ਦੀਦਾਰ ਦੀ ਪੈਦਾ ਹੋ ਗਈ ਥੋੜ,
ਆ ਮਾਰ ਝਾਤੀ, ਉਡੀਕ ਨਹੀਂ ਹੋ ਸਕਦੀ ਹੋਰ।

ਤੇਰੀ ਖਲਕਤ ਅੱਜ ਪਈ ਕੁਰਲਾਉਂਦੀ ਏ,
ਆ ਦੁਨੀਆਂ ਦੇ ਵਾਲੀ ਕੀਰਨੇ ਪਾਉਂਦੀ ਏ।

ਲੈ ਸਾਰ, ਬਾਬਾ ਨਾਨਕਾ ਬਹੁੜ ਇਕ ਵਾਰ,
ਵੇਖ ਪਰਤ ਕੇ ਇਹ ਸੰਸਾਰ ਤੇਰਾ ਪ੍ਰਵਾਰ।

ਕਿੰਨਾ ਦੁੱਖ ਲਿਖਿਆ ਹੋਰ ਸਾਡੇ ਨਸੀਬਾਂ ਵਿੱਚ,
ਕਦੋਂ ਮਾਰੇਂਗਾ ਗੇੜਾ ਸਤਾਉਂਦੀ ਤੇਰੀ ਖਿੱਚ।

ਹੱਥੀਂ ਹਲ ਵਾਹ ਕੇ ਖੇਤਾਂ ਵਿਚ ਮੱਝਾਂ ਚਰਾ ਕੇ,
ਕੀਤੀ ਦਸਾਂ ਨਹੁੰਆਂ ਦੀ ਕਿਰਤ ਦਿਲ ਲਾ ਕੇ।

ਬਾਬਰ ਵਰਗੇ ਜ਼ਾਲਮ ਅੱਜ ਲੱਖਾਂ ਫਿਰਦੇ,
ਦੁੱਖ ਦਰਦ ਨਹੀਂ ਵੱਸਦਾ ਕਿਸੇ ਦੇ ਹਿਰਦੇ।

ਬਾਬਰ ਵਰਗੇ ਜ਼ਾਲਮ ਵੀ ਢਹਿ ਪੈਰੀਂ ਪੈ ਗਏ,
ਰੂਹਾਨੀਅਤ ਦੇ ਕੌਤਕ ਵਿਖਾਏ ਦੰਗ ਰਹਿ ਗਏ,
ਅੱਜ ਲੋੜ ਬਾਬਾ ਨਾਨਕ ਇਕ ਵਾਰ ਫਿਰ ਬਹੁੜ।

# ਨਦੀਓਂ ਵਿਛੜੇ ਨੀਰ

ਅੱਜ ਮੈਂ ਫੇਸਬੁਕ ਦਾ ਵਰਕੇ ਤੋਂ ਵਰਕਾ ਫਰੋਲੀ ਜਾ ਰਿਹਾ,
ਕੁਝ ਪਸੰਦ ਤੇ ਕੁਝ ਸ਼ੇਅਰ ਕਰਦਾ ਅੱਗੇ ਖੋਲ੍ਹੀ ਜਾ ਰਿਹਾ।

ਮੇਰੀ ਨਜ਼ਰ ਪਈ ਇਕ ਜਾਣੀ-ਪਹਿਚਾਣੀ ਤਸਵੀਰ ਤੇ,
ਮੇਰੀ ਮੁਰਾਦ ਮੇਰੇ ਦਿਲ ਦੀ ਧੜਕਣ ਨਦੀਓਂ ਵਿਛੜੇ ਨੀਰ 'ਤੇ।

ਉਹ ਕੱਲ੍ਹ ਵੀ ਉਵੇਂ ਤੇ ਅੱਜ ਵੀ ਸਮੇਂ ਨੂੰ ਕੁਝ ਹੋਰ ਹੀ ਭਾਉਂਦੀ,
ਤਸਵੀਰ ਸਾਹਮਣੇ ਰੱਖ ਕੇ ਬਹਿ ਜਾਂਦਾ ਜਦੋਂ ਯਾਦ ਆਉਂਦੀ।

ਸਮਾਂ ਬਦਲ ਗਿਆ ਤੇ ਬਦਲ ਗਈਆਂ ਹੱਥਾਂ ਦੀਆਂ ਲਕੀਰਾਂ,
ਪੰਡਤਾਂ ਨੂੰ ਹੱਥ ਵਿਖਾ ਕੇ ਵੇਖ ਲਿਆ ਨਹੀਂ ਬਦਲੀਆਂ ਤਕਦੀਰਾਂ।

ਜੋ ਲਿਖਿਆ ਵਿਚ ਕਰਮਾਂ ਹੋ ਕੇ ਰਹਿਣਾ, ਕੀ ਪੰਡਤਾਂ ਦਾ ਕਹਿਣਾ ?
ਦਿਲੋਂ ਭੁਲਾਇਆ ਜਾ ਨਾ ਸਕਦਾ ਨੇੜੇ ਆਇਆ ਜਾ ਨਾ ਸਕਦਾ।

ਕੀ ਅਸੀਂ ਗੁਨਾਹ ਕੀਤੇ ਤੇਰੀ ਜੁਦਾਈ ਵਿਚ ਗਮਾਂ ਦੇ ਘੁੱਟ ਪੀਤੇ,
ਦਿਲ ਵਿਚ ਕੀਤੇ ਜ਼ਖ਼ਮ ਜੋ ਹੋਵਣ ਅੱਲੇ ਨਹੀਂ ਜਾ ਸਕਦੇ ਸੀਤੇ।

ਇਨਸਾਨ ਨੂੰ ਕੁਝ ਚੀਜ਼ਾਂ ਚਾਹੁੰਦੇ ਹੋਏ ਵੀ ਨਹੀਂ ਮਿਲਦੀਆਂ,
ਕਈ ਵਾਰ ਗੱਲਾਂ ਨਹੀਂ ਲਿਖੀਆਂ ਜਾ ਸਕਦੀਆਂ ਦਿਲ ਦੀਆਂ।

# ਕੌਣ ਜ਼ਿੰਮੇਵਾਰ

ਆਉ ਦਿੱਲੀ ਨੂੰ ਛੱਡ ਚੰਡੀਗੜ੍ਹ ਦੀ ਕਰੀਏ ਗੱਲ,
ਜਿਥੇ ਬੈਠਾ ਕਿਸਾਨ ਦੀਆਂ ਸਮੱਸਿਆਵਾਂ ਦਾ ਹੱਲ।

ਜ਼ਰਾ ਸੋਚੋ ਦੇਸ਼ ਦਾ ਪ੍ਰਧਾਨ ਮੰਤਰੀ ਬੈਠਾ ਦਿੱਲੀ,
ਚੰਡੀਗੜ੍ਹ ਨੂੰ ਜਾਂਦਿਆਂ ਰਾਹ ਕੱਟ ਗਈ ਬਿੱਲੀ।

ਸਭ ਸਮੱਸਿਆਵਾਂ ਦਾ ਹੱਲ ਨਹੀਂ ਦਿੱਲੀ ਸਰਕਾਰ,
ਬਹੁਤ ਸਾਰੀਆਂ ਲਈ ਪੰਜਾਬ ਸਰਕਾਰ ਜ਼ੁੰਮੇਵਾਰ।

ਨਹੀਂ ਲੁਕੀ-ਛਿਪੀ ਗੱਲ ਇਹਨਾਂ ਲਈ ਜ਼ੁੰਮੇਵਾਰ ਕੌਣ,
ਕਰਜ਼ੇ ਦਾ ਬੁਖ਼ਾਰ ਉਹਨੂੰ ਦਿਨ-ਰਾਤ ਨਹੀਂ ਦਿੰਦਾ ਸੌਣ।

ਕਰਜ਼ਾ ਸਿਰ 'ਤੇ ਘਰੋਂ ਬਾਹਰ ਨਹੀਂ ਨਿਕਲਣ ਦਿੰਦਾ,
ਧੀਆਂ-ਪੁੱਤ ਜਵਾਨ ਨਾ ਕੋਈ ਰਿਸ਼ਤਾ ਦਿੰਦਾ ਨਾ ਲੈਂਦਾ।

ਇਹ ਤਰਸਯੋਗ ਹਾਲਤ ਅੱਜ ਪੰਜਾਬ ਦੇ ਕਿਸਾਨ ਦੀ,
ਬੇਰੁਜ਼ਗਾਰੀ ਅਤੇ ਨਸ਼ਿਆਂ ਨੇ ਮੱਤ ਮਾਰੀ ਜਵਾਨ ਦੀ।

ਨਸ਼ਿਆਂ ਦਾ ਵਪਾਰੀ ਛੱਡ, ਪ੍ਰਧਾਨ ਮੰਤਰੀ ਦੇ ਪਿੱਛੇ,
ਨਸ਼ੇ ਪਏ ਵੰਡਣ ਕਿਸਾਨਾਂ ਵਿੱਚ ਹੋਰ ਨਾ ਕੁਝ ਦਿੱਸੇ।

ਲੱਭੀਏ ਉਹਨੂੰ ਘਰ-ਘਰ ਜਿਹਨੇ ਨਸ਼ਾ ਪੁਚਾਇਆ,
ਅੱਜ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਦੇ ਰਾਹੇ ਪਾਇਆ।

ਕਿਸਾਨੀ ਜਵਾਨੀ ਨੂੰ ਜਿਨ੍ਹ ਨਿੰਪੁਸਕ ਬਣਾਇਆ,
ਇਹਨਾਂ ਦੋਹਾਂ ਦਾ ਭਵਿੱਖ ਖ਼ਤਰੇ ਵਿਚ ਪਾਇਆ।

ਕੌਣ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਵਾਲਾ,
ਕਿੱਥੇ ਗਿਆ ਪਾਣੀ ਵਿੱਚ ਬੱਸਾਂ ਚਲਾਉਣ ਵਾਲਾ,
ਡੁੱਬਦੇ ਪੰਜਾਬ ਨੂੰ ਬੁੱਕਲ ਵਿੱਚ ਲੁਕਾਉਣ ਵਾਲਾ ?

# ਬੌੜ ਬਾਬਾ ਨਾਨਕ

ਆ ਬਾਬਾ ਨਾਨਕ ਇਕ ਵਾਰੀਂ ਫੇਰ,
ਤੇਰੀ ਜੰਨਤ ਵਿੱਚ ਕੌਡੇ ਰਾਕਸ਼ ਵਰਗੇ ਢੇਰ।

ਸੱਚ ਦਾ ਸੌਦਾ ਕਰੇ ਨਾ ਕੋਈ ਤੇਰੀ ਅੱਜ ਲੋੜ,
ਹਾਕਮ ਬਾਬਰ ਤੋਂ ਘੱਟ ਨਹੀਂ ਬਸ ਤੇਰੀ ਥੋੜ।

ਰਾਜੇ ਸ਼ੀਂਹ ਮੁਕੱਦਮ ਕੁੱਤੇ ਆਏ ਜਗਾਵਣ ਸੁਤੇ,
ਆ ਸਾਨੂੰ ਵੀ ਕੁਝ ਦੱਸ, ਅਸੀਂ ਆਏ ਕਿਹੜੀ ਰੁੱਤੇ !

ਜ਼ੁਲਮ ਦੀ ਹਾਹਾਕਾਰ ਮੱਚੀ ਖ਼ਲਕਤ ਦੇਵੇ ਦੁਹਾਈ,
ਹਾਕਮਾਂ ਸੱਚ ਨੂੰ ਸੂਲੀ ਟੰਗ ਆਪਣੀ ਸ਼ਾਖ ਬਣਾਈ।

ਕੋਹ-ਕੋਹ ਕੇ ਮਾਰਨ ਲੋਕ ਕਿਤੇ ਨਾ ਕੋਈ ਸੁਣਵਾਈ,
ਢਾਹ ਲਾਈ ਇਹਨਾਂ ਹਾਕਮਾਂ ਜੋ ਤੂੰ ਬਣਤ ਬਣਾਈ।

ਅੱਜ ਤਰਸਣ ਤੇਰੀ ਹੋਂਦ ਨੂੰ ਮਨੁੱਖੀ ਬਾਣੇ ਵਿੱਚ ਆ,
ਯੋਗ ਤੂੰ ਆਪਣੀ ਰੂਹਾਨੀਅਤ ਦਾ ਹਾਕਮਾਂ ਨੂੰ ਵਿਖਾ।

ਜ਼ੁਲਮ ਦੇ ਸਾਗਰ ਵਿਚ ਤੇਰੀ ਖ਼ਲਕਤ ਗੋਤੇ ਖਾਂਦੀ,
ਸਾਂਈਆਂ ਵਾਲਿਆ ਬੇੜੀ ਬੰਨੇ ਲਾ ਜੋ ਡੁੱਬਦੀ ਜਾਂਦੀ।

ਜੋਕਾਂ ਵਾਂਗੂ ਚਿੰਬੜੇ ਭੋਲੀ ਖ਼ਲਕਤ ਦਾ ਲਹੂ ਪੀਂਦੇ,
ਹੱਕ ਹਲਾਲ ਦੀ ਛੱਡ ਕੇ ਦੂਜਿਆਂ ਦੀ 'ਤੇ ਅੱਜ ਜੀਂਦੇ।

ਤੇਰਾ ਤੇਰਾਂ ਤੇਰਾਂ ਵਾਲਾ ਅੱਜ ਲੱਭੇ ਨਾ ਕਿਤੇ ਵਪਾਰ,
ਖ਼ਲਕਤ ਪੁਕਾਰਦੀ ਬਹੁੜ ਬਾਬਾ ਨਾਨਕਾ ਇਕ ਵਾਰ।

ਵਕਤ ਸੀ ਜਦੋਂ ਦੁਨੀਆ ਦੀ ਚੱਲ ਪੈਦਲ ਕੀਤੀ ਸੈਰ,
ਅੱਜ ਕਿਥੇ ਲੁਕ ਕੇ ਬੈਠ ਗਿਉਂ ਅੱਖੀਂ ਵੇਖ ਤੂੰ ਕਹਿਰ !

# ਸਿੱਖੀ ਤੇਰੀ ਰੁਲ਼ਦੀ

ਸਰਬੰਸ-ਦਾਨੀ ਤੇਰੀ ਕੁਰਬਾਨੀ,
ਨਹੀਂ ਕੋਈ ਤੇਰੇ ਜਿਹਾ ਦਾਨੀ !

ਸਰਬੰਸ ਵਾਰਿਆ ਸਿੱਖੀ ਲਈ,
ਅੱਜ ਸਿੱਖੀ ਤੇਰੀ ਰੁਲਦੀ ਪਈ।

ਕਿੱਥੇ ਤੇਰੀ ਰਹਿਮਤ ਮਰਿਆਦਾ,
ਦਾੜ੍ਹੀ ਕੇਸ ਨਹੀਂ ਸਿੱਖ ਕਾਹਦਾ ?

ਸਿੱਖ ਸਿੱਖ ਦਾ ਵੈਰੀ ਮੱਤ ਮਾਰੀ,
ਸਿੱਖੀ ਵੱਲ ਨਿਘਾਰ ਚੁੱਪ ਧਾਰੀ।

ਅੱਜ ਸਿੱਖੀ ਤੋਂ ਹੋਏ ਫਿਰਦੇ ਬੇਮੁਖ,
ਦੁੱਖ ਹੁੰਦਾ ਵੇਖ ਇਹਨਾਂ ਦਾ ਰੁਖ਼।

ਸਿੱਖੀ ਨੂੰ ਪਤਿਤਪੁਣੇ ਨੇ ਢਾਹ ਲਾਈ,
ਵਾਧੂ ਕਰ ਸ਼ਿੰਗਾਰ ਸ਼ਕਲ ਵਿਗੜਾਈ।

ਸਰਕਾਰਾਂ ਵੀ ਮੁਗ਼ਲਾਂ ਤੋਂ ਨਹੀਂ ਘੱਟ,
ਵਿਸ਼ਵਾਸਘਾਤ ਦੀ ਡੂੰਘੀ ਮਾਰਨ ਸੱਟ।

ਬਾਜਾਂ ਵਾਲਿਆ ਸਿੱਖੀ ਜਾਂਦੀ ਰੁੜ੍ਹਦੀ,
ਸ਼ੱਤਰੂ ਹੋਏ ਭਾਰੀ ਕਰ ਪੈਰੀਂ ਮੁੜਦੀ।

ਰਹਿੰਦੀ ਨਸ਼ਿਆਂ ਨਾਲ ਜਾਂਦੀ ਖੁਰਦੀ,
ਦੇਹ ਮੱਤ ਇਹਨਾਂ ਨੂੰ ਕਰ ਜੁੜਦੀ।

ਸਾਡੀਆਂ ਖ਼ਾਮੀਆਂ 'ਤੇ ਦੁਸ਼ਮਣ ਭਾਰੂ,
ਮਾਰ ਗੇੜਾ ਪੈਦਾ ਕੌਮ ਦੇ ਕਰ ਜੁਝਾਰੂ।

# ਸਾਂਈਂ ਮੈਂਡੇ !

ਮਨੁੱਖ ਮਨੁੱਖ ਦੀ ਪਰਵਾਹ ਨਹੀਂ ਕਰਦਾ,
ਰੱਬ ਨੂੰ ਕੋਸਣ ਲੱਗਾ ਵੀ ਨਹੀਂ ਡਰਦਾ।

ਕਿਉਂ ਲੁਕ-ਛਿਪ ਕੇ ਖੇਡਾਂ ਖੇਡੇ ਰੱਬ,
ਬੁੱਲ੍ਹੇ ਸ਼ਾਹ ਨੇੜੇ ਹੋ ਕੇ ਨਹੀਂ ਰਿਹਾ ਲੱਭ।

ਜਿਨ੍ਹਾਂ ਨੂੰ ਸਾਂਈਂ ਮੈਂਡੇ ਪੈਂਦਾ ਲੱਭ,
ਉਹਨਾਂ ਭਾਅਦਾ ਸਾਰਾ ਜੱਗ ਰੱਬ।

ਰੱਬ ਦੇ ਰੰਗ ਵਿੱਚ ਮਸਤ ਮਲੰਗ,
ਪ੍ਰੀਤ ਲੱਗ ਗਈ ਫਿਰ ਤੇਰੇ ਸੰਗ।

ਮਦਾਰੀ ਵਾਲੇ ਆਪ ਖੇਡ ਖਿਡਾਵੇਂ,
ਆਪ ਨਾ ਕਦੀ ਫਿਰ ਸਾਹਮਣੇ ਆਵੇਂ।

ਉੱਪਰ ਥੱਲੇ, ਅੱਗੇ-ਪਿੱਛੇ ਸੱਜੇ-ਖੱਬੇ,
ਖੇਲ ਰਚਾਵੇ ਪਰ ਨਾ ਆਪ ਉਹ ਲੱਭੇ।

ਬੈਠ ਕੇ ਪਿੱਛੇ ਖ਼ੁਦ ਵੇਖ ਰਿਹਾ ਉਹ ਸਭ,
ਅੱਖੀਆਂ ਸਾਡੀਆਂ ਨੂੰ ਨਹੀਂ ਰਿਹਾ ਲੱਭ।

ਸਾਡੇ ਨਾਲ ਹਰ ਵਕਤ ਉਹ ਰਹਿੰਦਾ,
ਲੇਖਾ ਚੰਗੇ-ਮਾੜੇ ਦਾ ਨਹੀਂ ਕੁਝ ਕਹਿੰਦਾ।

ਧਰਮਰਾਜ ਦੀ ਇਕ ਦਿਨ ਲੱਗੂ ਕਚਿਹਰੀ,
ਸਭ ਬਰਾਬਰ ਨਾ ਪੇਂਡੂ ਨਾ ਕੋਈ ਸ਼ਹਿਰੀ।

ਕਰਮਾਂ ਦਾ ਲੇਖਾ ਨਾ ਕੋਈ ਪੁੱਛੇ ਜਾਤ-ਪਾਤ,
ਨਾ ਕੋਈ ਲੱਭੇ ਖੜ੍ਹਾ ਵਕੀਲ ਆਸ-ਪਾਸ।

ਨਵੀਂ ਦੁਨੀਆਂ ਨਵਾਂ ਹੁਣ ਕਰਨਾ ਕਾਰੋਬਾਰ,
ਆਖਰੀ ਅਦਾਲਤ ਧਰਮਰਾਜ ਦਾ ਦਰਬਾਰ।

# ਪੁੱਤ ਵਿਆਹੇ ਹੱਥੋਂ ਗਵਾਏ

ਧੀਆਂ ਗਈਆਂ ਵਿਆਹੀਆਂ ਘਰ ਨੂੰਹਾਂ ਆਈਆਂ,
ਦਾਜ ਬੇਅੰਤ, ਨਾਲ ਮਖ਼ਮਲ ਦੀਆਂ ਰਜਾਈਆਂ,
ਭਾਈਆਂ ਆਪਸ ਵਿੱਚ ਘਰ ਵੰਡੀਆਂ ਪਾਈਆਂ।

ਆਪਸ ਵਿੱਚ ਭਾਈਆਂ ਦੀ ਬੋਲ-ਚਾਲ ਛੁੱਟ ਗਈ,
ਵਾਣ ਦੀ ਮੰਜੀ ਤਾਂ ਫਿਰ ਨੁੱਕਰੇ ਪਈ ਟੁੱਟ ਗਈ।

ਬੇਬੇ ਬੈਠੀ ਮੰਜੀ 'ਤੇ ਕੱਲੀ ਲੱਗਦੀ ਪਈ ਹੋਈ ਝੱਲੀ,
ਬਾਪੂ ਨੂੰ ਵਾਜਾਂ ਮਾਰੇ ਕਿਉਂ ਮੈਨੂੰ ਛੱਡ ਗਿਉਂ ਕੱਲੀ ?

ਕੁਕੜੀ ਛਾਲਾਂ ਵਿਹੜੇ ਮਾਰੇ ਇਕ ਮੰਜੇ ਤੋਂ ਦੂਜੇ ਮੰਜੇ,
ਭੁੱਖੀ ਕੁੜ-ਕੁੜ ਕਰਦੀ ਕੁਝ ਨਾ ਆਵੇ ਉਹਦੇ ਪੰਜੇ।

ਉਹ ਘਰ ਜਿਥੇ ਰਹਿੰਦੀਆਂ ਸੀ ਰੌਣਕਾਂ ਚੱਤੋ-ਪਹਿਰ,
ਅੱਜ ਵੰਡ-ਵੰਡਾਈਆਂ ਕਰਕੇ ਸਾਰੇ ਵਗ ਗਏ ਸ਼ਹਿਰ।

ਬਾਪੂ ਹੋ ਗਿਆ ਰੱਬ ਨੂੰ ਪਿਆਰਾ ਕੋਈ ਨਾ ਬੇਬੇ ਸਾਂਭੇ,
ਦੁੱਧ-ਘਿਉ ਨਾਲ ਵੱਡੇ ਕੀਤੇ ਸਾਰਾ ਪਿੰਡ ਦੇਵੇ ਉਲ੍ਹਾਂਭੇ।

ਇਸ ਔਲਾਦ ਕੋਲੋਂ ਕੀ ਥੁੜ੍ਹਿਆ ਬੇਬੇ ਛੱਡ ਗਏ ਕੱਲੀ,
ਛੱਡ ਕੇ ਘਰ, ਸ਼ਹਿਰ ਵਿੱਚ ਕੱਲੇ-ਕੱਲੇ ਕੋਠੀ ਜਾ ਮੱਲੀ।

ਸੁੰਨ-ਮਸਾਣ ਵਿਹੜਾ ਬੇਬੇ ਨੂੰ ਬੜਾ ਰਹਿੰਦਾ ਚੁੱਭਦਾ,
ਘਰ ਵਾਲੇ ਦੀ ਯਾਦ ਆਵੇ ਆਥਣ ਨੂੰ ਸੂਰਜ ਡੁੱਬਦਾ।

ਕੱਲੀ ਨੂੰ ਕਿਉਂ ਛੱਡ ਗਿਉਂ ਮੈਨੂੰ ਵੀ ਲੈ ਜਾਂਦੋਂ ਨਾਲ,
ਤੇਰੇ ਬਿਨਾਂ ਕੌਣ ਹੈ ਪੁੱਛਣ ਵਾਲਾ ਮੇਰਾ ਹੁਣ ਹਾਲ ?

ਮਾਂ-ਬਾਪ ਦੀਆਂ ਖ਼ੁਸ਼ੀਆਂ ਪੁੱਤ ਵਿਆਹੁਣ ਰੀਝਾਂ ਨਾਲ,
ਵਿਹੜੇ ਵਿੱਚ ਫਿਰਨ ਜਾਨਵਰ ਕੀ ਹੈ ਘਰ ਦਾ ਹਾਲ !

ਨੂੰਹ ਵਿਆਹੀ ਘਰ ਆਈ ਬੇਬੇ ਬੜੀ ਖ਼ੁਸ਼ੀ ਮਨਾਈ,
ਕੌਣ ਜਾਣੇ ਕੀ ਹੋਇਆ ਪੁੱਤ ਨੂੰ ਕੀ ਉਸ ਪੱਟੀ ਪੜ੍ਹਾਈ ?

ਵਕਤ ਨਾ ਲੱਗਿਆ ਨੂੰਹਾਂ-ਪੁੱਤਾਂ ਨੂੰ ਹੱਥੀਂ ਚੜ੍ਹਾਇਆ,
ਮਾਂ ਦਾ ਸਾਇਆ ਵੀ ਨਾ ਵੇਖਣ ਐਸਾ ਸਬਕ ਪੜ੍ਹਾਇਆ।

ਸਾਹਾਂ ਨਾਲ ਸਾਹ ਸੀ ਲੈਂਦੇ ਅੱਜ ਵੱਢ-ਵੱਢ ਖਾਣ ਨੂੰ ਪੈਂਦੇ।
ਨੂੰਹਾਂ-ਪੁੱਤ ਹੱਥੀਂ ਚੜ੍ਹਾਏ, ਇਹ ਵੀ ਦਿਨ ਵੇਖਣ ਨੂੰ ਆਏ।

# ਵਤਨੋਂ ਦੂਰ

ਕੌਣ ਜੋ ਵਤਨ ਨੂੰ ਪਿਆਰ ਨਹੀਂ ਕਰਦਾ,
ਕੰਮ-ਕਾਜ ਨਾ ਮਿਲੇ ਵਤਨੀਂ ਨਹੀਂ ਸਰਦਾ।

ਵਤਨ ਛੱਡਣ ਲੱਗਿਆਂ ਅੱਖਾਂ ਭਰ ਆਉਣ,
ਗਲ ਲੱਗ ਮਾਂ-ਬਾਪ ਭੈਣ-ਭਾਈ ਸਭ ਰੋਣ।

ਮਾਂ-ਬਾਪ ਭੈਣਾਂ ਭਾਈਆਂ ਦੀਆਂ ਜੁਦਾਈਆਂ,
ਵਿਚ ਪਰਦੇਸਾਂ ਅੱਜ ਸਾਡੇ ਹਿੱਸੇ ਆਈਆਂ।

ਆਪਣਿਆਂ ਜੁਦਾਈਆਂ ਜੋ ਫੇਸਬੁਕ 'ਤੇ ਪਾਈਆਂ,
ਪਹੁੰਚ ਵਿਚ ਪਰਦੇਸਾਂ ਮਿਲਣ ਵਧਾਈਆਂ

ਦੂਰ ਆਪਣੇ ਵਤਨਾਂ ਦੀ ਯਾਦ ਸਤਾਉਂਦੀ,
ਵਤਨੋਂ ਦੂਰ ਆਪਣਿਆਂ ਦੀ ਯਾਦ ਆਉਂਦੀ।

ਦੇਸ ਛੱਡ ਪਰਦੇਸ ਆਏ ਸੁਪਨੇ ਲੈ ਨਾਲ ਆਏ,
ਪਿਛਲੇ ਯਾਦ ਆਉਣ ਏਥੇ ਨਵੇਂ ਯਾਰ ਬਣਾਏ।

ਮਨੁੱਖ ਵਤਨ ਛੱਡ ਕੇ ਜਿੱਥੇ ਮਰਜ਼ੀ ਚਲਾ ਜਾਵੇ,
ਵਤਨ ਨਾ ਛੱਡੇ ਮਨੁੱਖ ਨੂੰ ਉਹਦੇ ਨਾਲ ਹੀ ਆਵੇ।

ਵਤਨਾਂ ਦੀਆਂ ਯਾਦਾਂ ਖ਼ਾਬਾਂ ਵਿਚ ਬਦਲ ਜਾਣ,
ਆਪਣਿਆਂ ਨੂੰ ਯਾਦ ਕਰ ਲਈਏ ਜਦ ਸਤਾਣ।

ਬਾਹਰਲੇ ਮੁਲਕਾਂ ਵਿਚ ਹੁਨਰ ਦਾ ਮੁੱਲ ਪੈਂਦਾ,
ਇਹੋ ਕਾਰਨ ਵਿਦੇਸ਼ ਜਾਣ ਨੂੰ ਦਿਲ ਕਹਿੰਦਾ।

ਸੱਤ ਸਮੁੰਦਰੋਂ ਪਾਰ ਨਵੀਂ ਦੁਨੀਆਂ ਦਾ ਆਗਾਸ,
ਬੱਚਿਆਂ ਦੇ ਚੰਗੇ ਭਵਿੱਖ ਦੀ ਲੈ ਕੇ ਆਏ ਆਸ।

# ਮਾਂ-ਜਾਇਆ

ਮਾਂ-ਪੁੱਤ ਦਾ ਰਿਸ਼ਤਾ ਦੁਰਲੱਭ,
ਮਾਂ ਰੱਬ ਦਾ ਦੂਜਾ ਰੂਪ,
ਭਾਲ ਥੱਕਾ ਨਾ ਪਾਇਆ ਲੱਭ।

ਮਾਂ-ਜਾਇਆ,
ਪੁੱਤ ਦਾ ਮੂੰਹ ਵੇਖਣ ਲਈ,
ਬੜਾ ਸੰਤਾਪ ਹੰਢਾਇਆ।

ਸਾਰਾ ਜੱਗ ਪੁੱਤ ਨੂੰ,
ਭਾਵੇਂ ਕਹਿੰਦਾ ਮੰਦਾ,
ਮਾਂ ਕਹਿੰਦੀ ਮੇਰਾ ਪੁੱਤ,
ਸਾਰੇ ਜਹਾਨ ਤੋਂ ਚੰਗਾ।

ਮਾਂਵਾਂ ਨੂੰ ਪੁੱਤ ਪਿਆਰੇ,
ਖਾਲੀ ਜਿਨ੍ਹਾਂ ਦੀਆਂ ਕੁੱਖਾਂ,
ਫਿਰਦੀਆਂ ਨੇ ਮਾਰੇ-ਮਾਰੇ।

ਮਾਂ ਕੋਲੋਂ ਪੁੱਤ ਦਾ ਪਿਆਰ,
ਰੱਬਾ ਕਦੀ ਖੋਹਵੀਂ ਨਾ,
ਮਾਂ ਤੋਂ ਦੂਰ ਕਦੀ ਹੋਵੀਂ ਨਾ।

ਪੁੱਤ ਪੈਰ ਬਾਹਰ ਬਰੂਹੋਂ ਪਾਵੇ,
ਰਾਤ ਨੂੰ ਲੇਟ ਘਰ ਆਵੇ,
ਤੱਕਦੀ ਰਹਿੰਦੀ ਰਾਹ,
ਮਨ ਨੂੰ ਚੈਨ ਨਾ ਆਵੇ।

ਕੈਸਾ ਰਿਸ਼ਤਾ ਰੱਬ ਬਣਾਇਆ,
ਰਿਸ਼ਤਿਆਂ ਦੀ ਲੜੀ ਵਿਚੋਂ,
ਇਹਨੂੰ ਕਿਉਂ ਐਨਾ ਚਮਕਾਇਆ !

ਪਿਉ ਦਾ ਵੀ ਹੁੰਦਾ ਉਨਾ ਹੱਕ,
ਬਾਪ ਵੀ ਫਿਕਰਮੰਦ,
ਮਾਂ ਕੁਝ ਜ਼ਿਆਦਾ, ਨਹੀਂ ਕੋਈ ਸ਼ੱਕ।

ਮਾਂ ਦੇ ਦਿਲ ਦਾ ਟੁਕੜਾ ਪੁੱਤ,
ਲਾਲਚ ਦੇ ਕੇ ਚੁੱਪ ਕਰਾਵੇ,
ਪੁੱਤ ਜੇ ਜਾਵੇ ਰੁੱਸ।

ਛੋਟੇ ਹੁੰਦੇ ਨੂੰ ਸਭ ਖਿਡਾਇਆ,
ਲੋਰੀ ਦੇ ਚੁੱਪ ਕਰਾਇਆ,
ਮਾਂ ਦੀ ਗੋਦ ਦਾ ਨਿੱਘ ਨਾ ਆਇਆ।

ਮਾਂ ਬਾਪ ਦੀ ਛਤਰ-ਛਾਇਆ,
ਪੁੱਤ ਪੜ੍ਹ-ਲਿਖ ਵੱਡਾ ਹੋਇਆ,
ਭਾਵੇਂ ਪੁੱਤ ਗਿਆ ਵਿਆਹਿਆ।

# ਇਸ਼ਕ ਅਵੱਲੜਾ

ਕੈਸਾ ਇਹ ਇਸ਼ਕ ਅਵੱਲੜਾ ਸਾਡੇ ਪੱਲੇ ਪੈ ਗਿਆ,
ਰਹਿੰਦੀ ਜ਼ਿੰਦਗੀ ਸਾਡੇ ਹੱਡਾਂ ਵਿੱਚ ਬਹਿ ਗਿਆ।

ਨਾ ਸ਼ੌਕੀਨ ਨਾ ਸ਼ੌਂਕ ਜ਼ਬਾਨ ਦਾ ਰਸ ਬਣ ਗਿਆ,
ਨਾ ਸੋਚਿਆ ਨਾ ਗੌਲਿਆ ਕਿੱਥੋਂ ਆ ਠਣ ਗਿਆ !

ਚੇਤਾ ਕਰ ਮੁੱਢਲੇ ਜੀਵਨ ਦਾ ਤਰਥੱਲੀ ਮੱਚ ਜਾਂਦੀ,
ਦਿਲ ਦਿਆ ਮਹਿਰਮਾ ਕੈਸੀ ਤਬਦੀਲੀ ਲੈ ਆਂਦੀ !

ਕਦੀ ਸੋਚਿਆ ਨਾ ਜ਼ਿੰਦਗੀ ਇਸ ਮੋੜ 'ਤੇ ਲੈ ਆਵੇਗੀ,
ਠੰਢੇ ਬਸਤੇ ਵਿੱਚ ਪਈਆਂ ਭਾਵਨਾਵਾਂ ਜਗਾਵੇਗੀ।

ਕਿਵੇਂ ਸਮਾਂ ਲੰਘ ਗਿਆ ਕਿਹੜਾ ਪਲ ਉਡੀਕ ਰਿਹਾ,
ਨਾ ਜਜ਼ਬਾ ਨਾ ਰੁਚੀ ਨਾ ਇਹਨਾਂ ਦਾ ਸ਼ਰੀਕ ਰਿਹਾ !

ਕੋਈ ਮੈਨੂੰ ਪੁੱਛੇ ਕਿਹੜੀ ਸੋਚ ਰੱਖਣ ਵਾਲਾ ਲਿਖਾਰੀ,
ਨਾ ਬੁਲਾਰਾ ਨਾ ਲਿਖਾਰੀ ਵਲਵਲਿਆਂ ਦਾ ਸ਼ਿਕਾਰੀ।

ਮਨੁੱਖ ਦੇ ਜੀਵਨ ਵਿੱਚ ਮੋੜ ਕਈ ਕਿਸਮ ਦੇ ਆਉਂਦੇ,
ਕੁਝ ਸਾਥੋਂ ਸਿੱਖ ਜਾਂਦੇ ਤੇ ਕੁਝ ਸਾਨੂੰ ਆ ਸਿਖਾਂਉਂਦੇ।

ਫਿਰ ਐਸਾ ਇਕ ਮੋੜ ਮੇਰੀ ਜ਼ਿੰਦਗੀ ਵਿੱਚ ਆਇਆ,
ਠੰਢੇ ਬਸਤੇ ਵੱਲ ਕਦਮ ਚੁੱਕਣ ਦਾ ਮਨ ਬਣਾਇਆ।

ਉਤਸ਼ਾਹਿਤ ਕਰਨ ਵਾਲਾ ਪੁਰਸ਼ ਸੁਭਾਵਿਕ ਮਿਲਿਆ,
ਵਿਚਾਰ ਤੋਂ ਬਾਅਦ ਕੁੰਭਕਰਨ ਦੀ ਨੀਂਦਰੋਂ ਹਿੱਲਿਆ।

ਸਰੀਰਕ ਤੰਦਰੁਸਤੀ ਨਾਲ ਦਿਮਾਗ਼ੀ ਕਸਰਤ ਜ਼ਰੂਰੀ,
ਇਹ ਕਹਿ ਕੇ ਮੇਰੀ ਦੱਬੀ ਹੋਈ ਖ਼ਾਹਿਸ਼ ਕਰ ਦਿੱਤੀ ਪੂਰੀ।

ਮਨ ਹੀ ਮਨ ਸੋਚ ਕੇ ਇਸ ਗੱਲ ਨੂੰ ਪੱਲੇ ਬੰਨ ਤੁਰ ਪਿਆ,
ਦਿਮਾਗ਼ ਲਾ ਰਚਨਾਵਾਂ ਦੀ ਉਸਾਰੀ ਵੱਲ ਮੁੜ ਪਿਆ।

ਟੁਟੀਆਂ-ਫੁੱਟੀਆਂ ਰਚਨਾਵਾਂ ਘੜ ਬਿਖੜੇ ਪੈਂਡੇ ਪੈ ਗਿਆ,
ਦੋਸਤਾਂ ਦਾ ਮਿਲਾਪ ਮੈਨੂੰ ਆਪਣੀ ਮੰਜ਼ਲ ਵੱਲ ਲੈ ਗਿਆ।

ਮੰਜ਼ਲ ਬਿਨ ਰਾਹੀ, ਵਾਟ ਡੂੰਘੀ ਰਸਤੇ ਧੂਲ ਬਣ ਜਾਂਦੇ,
ਵੀਰਾਂ ਨਾਲ ਦੋਸਤਾਂ ਦਾ ਸਾਥ ਕਾਂਟੇ ਵੀ ਫੁੱਲ ਬਣ ਜਾਂਦੇ।

# ਕਿਸਾਨ ਦੀ ਮੰਦਹਾਲੀ

ਹਮੇਸ਼ਾਂ ਗੱਲ ਕਰਦੇ ਸੋਨੇ ਦੀ ਚਿੜੀਆ ਪੰਜਾਬ ਦੀ,
ਸੋਹਣੇ ਪੁਰਾਣੇ ਪੰਜਾਬ ਪੰਜਾਂ ਦਰਿਆਵਾਂ ਦੇ ਆਬ ਦੀ।

ਭਾਵੇਂ ਗੱਲ ਕਰੀਏ ਪੰਜਾਬ ਦੀ ਜਾਂ ਪੰਜਾਬੋਂ ਬਾਹਰ ਦੀ,
ਕਿਸਾਨ ਦੀ ਮਾੜੀ ਹਾਲਤ ਕੁਦਰਤ ਵੀ ਘੇਰ ਮਾਰਦੀ।

ਕਾਰੋਬਾਰੀਆਂ ਨੂੰ ਲੱਖ ਸਹੂਲਤਾਂ ਸਰਕਾਰ ਹੱਥ ਵਧਾਵੇ,
ਕਿਸਾਨ ਘਰ-ਖੇਤ ਛੱਡ ਕੇ ਕਿੱਥੇ ਆਲ੍ਹਣਾ ਪਾਵੇ ?

ਪੰਜਾਬ ਦਾ ਕਿਸਾਨ ਐਸੀ ਦਲਦਲ ਵਿਚ ਧੱਸ ਗਿਆ,
ਨਿਕਲ ਨਾ ਸਕੇ ਨਾ ਅੱਗੇ ਜੋਗਾ ਨਾ ਪਿੱਛੇ ਜੋਗਾ ਰਿਹਾ।

ਅਨਪੜ੍ਹਤਾ, ਸਰਕਾਰੀ ਅਣਗਹਿਲੀ, ਕੁਦਰਤ ਦੀ ਮਾਰ,
ਇਹਨਾਂ ਸਾਰਿਆਂ ਅੱਗੇ ਅੱਜ ਕਿਸਾਨ ਗਿਆ ਹਾਰ।

ਕਿਤੇ ਹੜ੍ਹ, ਕਿਤੇ ਸੋਕਾ ਤੇ ਕਿਤੇ ਗੜਿਆਂ ਦੀ ਪੈਂਦੀ ਮਾਰ,
ਇਹ ਕੁਦਰਤੀ ਆਫ਼ਤਾਂ ਕਿਸਾਨ ਨਹੀਂ ਸਕਦਾ ਸਹਾਰ।

ਆਮਦਨ ਚਵਾਨੀ ਖ਼ਰਚਾ ਅਠਿਆਨੀ ਵਾਲੀ ਅੱਜ ਗੱਲ,
ਸਾਰੀ ਉਮਰ ਉਹ ਲੱਭਦਾ ਰਹੇ ਲੱਭੇ ਨਾ ਕੋਈ ਹੱਲ।

ਸਿਰ ਤੇ ਨਿੱਜੀ ਖਰਚਿਆਂ ਦੀ ਪੰਡ ਉਤੋਂ ਕਰਜ਼ੇ ਦਾ ਬੋਝ,
ਲਾਚਾਰ, ਮਰਦਾ ਕੀ ਨਹੀਂ ਕਰਦਾ ਆਉਣ ਨਾ ਦੇਵਣ ਹੋਸ਼ !

ਹਾੜੀ ਸਾਉਣੀ ਫ਼ਸਲ ਵਾੜੀ ਵੱਟ ਜਦੋਂ ਘਰ ਉਹ ਲਿਆਉਂਦਾ,
ਸ਼ਾਹੂਕਾਰ ਪੈੜ ਦੱਬ ਪਿਛੇ-ਪਿਛੇ ਮਗਰ ਉਹਦੇ ਆਉਂਦਾ।

ਮੂਲ ਛੱਡ ਸਭ ਤੋਂ ਪਹਿਲਾਂ ਵਿਆਜ ਨੂੰ ਉਹ ਹੱਥ ਪਾਉਂਦਾ,
ਕੁਝ ਸ਼ਾਹੂਕਾਰ ਲੈ ਜਾਂਦਾ ਬਾਕੀ ਨਿੱਜੀ ਖ਼ਰਚੇ ਭੁਗਤਾਉਂਦਾ।

ਹੱਥ-ਪੱਲੇ ਕੁਝ ਆਉਂਦਾ ਨਹੀਂ ਕਰਜ਼ੇ 'ਤੇ ਕਰਜ਼ਾ ਚੜ੍ਹੀ ਜਾਂਦਾ,
ਪ੍ਰਸ਼ਾਸਕੀ ਢਾਂਚਾ ਉਸਦੀ ਖੁਦਕੁਸ਼ੀ ਦਾ ਸਾਮਾਨ ਘੜੀ ਜਾਂਦਾ।

# ਪੰਜਾਬ ਦੇ ਜ਼ਖ਼ਮ

ਪੰਜਾਬ ਸਾਡਾ ਪੰਜਾਂ ਦਰਿਆਵਾਂ ਦੀ ਧਰਤੀ,
ਸਾਡਿਆਂ ਸਾਡੀ ਕੈਸੀ ਹਾਲਤ ਅੱਜ ਕਰਤੀ।

ਕਿਸੇ ਵਕਤ ਸੋਨੇ ਦੀ ਚਿੜੀ ਪੰਜਾਬ ਨੂੰ ਕਹਿੰਦੇ,
ਮੁਗ਼ਲਾਂ ਦੇ ਹਮਲੇ ਜ਼ਿਆਦਾ ਪੰਜਾਬ 'ਤੇ ਢਹਿੰਦੇ।

ਅੱਜ ਸੋਨੇ ਦੀ ਚਿੜੀਆ ਕੰਗਾਲ ਅਤੇ ਕਰਜ਼ਾਈ,
ਕਾਰੋਬਾਰ ਪੰਜਾਬੋਂ ਬਾਹਰ, ਅੱਤ ਦੀ ਮਹਿੰਗਾਈ।

ਵਸਤਾਂ ਦੀਆਂ ਕੀਮਤਾਂ ਅੱਜ ਅਸਮਾਨ ਛੋਹਣ,
ਗ਼ਰੀਬ ਦਾ ਸਾਹ ਘੁਟੇ ਭੁੱਖੇ ਜਿਹਦੇ ਨਿਆਣੇ ਸੌਣ।

ਇਕ ਸਵਾਲ ਅੱਜ ਸਾਡਾ ਪੰਜਾਬ ਕਿਉਂ ਕੰਗਾਲ?
ਜਦੋਂ ਵਾੜ ਖੇਤ ਨੂੰ ਖਾਣ ਲੱਗ ਪਵੇ ਇਹੋ ਹੋਵੇ ਹਾਲ।

ਖੇਤੀ ਪ੍ਰਧਾਨ ਸੂਬਾ ਖੇਤਾਂ ਦਾ ਮਾਲਕ ਕਰਜ਼ਾਈ,
ਜਿਣਸ ਦਾ ਮੁੱਲ ਲੈਣ ਲਈ ਨਹੀਂ ਕਿਤੇ ਸੁਣਵਾਈ।

ਬੇਰੁਜ਼ਗਾਰੀ ਅੰਬਰ ਛੋਹੇ ਨਿੱਤ ਨਵੇਂ ਸਕੂਲ ਖੋਲ੍ਹਣ,
ਡਾਕਟਰ, ਇੰਜੀਨੀਅਰ, ਮਾਸਟਰ ਨੌਕਰੀਆਂ ਟੋਲਣ।

ਬੇਰੁਜ਼ਗਾਰ ਮੁੰਡੇ ਕੁੜੀਆਂ ਨਸ਼ਿਆਂ ਨੇ ਲਏ ਦਬੋਚ,
ਮਾਪਿਆਂ ਲਈ ਮੁਸ਼ਕਿਲਾਂ ਸਰਕਾਰਾਂ ਨੂੰ ਦਿੰਦੇ ਦੋਸ਼।

ਬੇਰੁਜ਼ਗਾਰ ਨੌਜਵਾਨ ਏਜੰਟਾਂ ਦੀ ਹੱਥੀਂ ਚੜ੍ਹ ਜਾਂਦੇ,
ਵਿਦੇਸਾਂ ਦਾ ਜੋ ਝਾਂਸਾ ਦੇ ਕੇ ਸ਼ਬਜ ਬਾਗ਼ ਵਿਖਾਂਦੇ।

ਮਰਦੇ ਕੀ ਨਹੀਂ ਕਰਦੇ ਮਾਪੇ ਵੀ ਹੋ ਜਾਣ ਮਜਬੂਰ,
ਪੈਲੀ-ਬੰਨਾ ਵੇਚ ਕੇ ਬੱਚਿਆਂ ਨੂੰ ਭੇਜਣ ਘਰੋਂ ਦੂਰ।

ਕੁਝ ਪੜ੍ਹਨ ਤੇ ਕੁਝ ਕੰਮ ਕਾਜ ਲਈ ਵਿਦੇਸੀਂ ਜਾਂਦੇ,
ਵਤਨੀਂ ਮਿਲੇ ਨਾ ਢੋਈ ਵਿਦੇਸ਼ਾਂ ਦੇ ਧੱਕੇ ਖਾਣੇ ਪੈਂਦੇ।

# ਸੇਜਲੀਆਂ ਅੱਖਾਂ

ਆਪਣਾ ਵਤਨ ਛੱਡਣ ਨੂੰ ਦਿਲ ਨਹੀਂਉਂ ਕਰਦਾ,
ਸੇਜਲੀਆਂ ਅੱਖਾਂ ਨਾਲ ਮਨ ਉਦੋਂ ਹਉਕੇ ਭਰਦਾ।

ਆਪਣਿਆਂ ਦੇ ਗਲ ਲੱਗ ਹੰਝੂ ਇਹ ਜੁਦਾਈ ਦੇ,
ਤੁਰ ਗਏ ਪ੍ਰਦੇਸ਼ ਕਦੀ ਆਪਣੇ ਨਹੀਂ ਭੁਲਾਈਦੇ।

ਆਪਣੇ ਤਾਂ ਆਪਣੇ ਦੁਖ-ਸੁਖ ਨਹੀਂ ਲੁਕਾਈਦੇ,
ਜਾ ਪਰਦੇਸ਼ ਆਪਣਿਆਂ ਦੇ ਗੁਣ ਨਹੀਂ ਭੁਲਾਈਦੇ।

ਇਕ ਪਾਸੇ ਜੁਦਾਈਆਂ ਤੇ ਦੂਜੇ ਪਾਸੇ ਵਧਾਈਆਂ,
ਲੀਲ੍ਹਾ ਸਤਿਗੁਰ ਦੀ ਜਿਨ੍ਹ ਸਾਨੂੰ ਇਹ ਵਿਖਾਈਆਂ।

ਇਹ ਦੂਰੀਆਂ, ਜੁਦਾਈਆਂ ਕਿਸ ਨੇ ਬਣਾਈਆਂ,
ਸੋਚਿਆ ਨਹੀਂ ਸੀ ਕਦੀ, ਸਾਡੇ ਹਿੱਸੇ ਆਈਆਂ।

ਦੇਸ਼ ਛੱਡ ਪਰਦੇਸ ਆਏ ਸੁਪਨੇ ਲੈ ਨਾਲ ਆਏ,
ਵਤਨਾਂ ਦੀ ਮਿੱਟੀ ਛੱਡ ਪਰਦੇਸੀਂ ਪੈਰ ਪਾਏ।

ਕੀ ਸਿਫਤ ਕਰਾਂ ਮੈਂ ਆਪਣੇ ਦੇਸ਼ ਪੰਜਾਬ ਦੀ,
ਗੁਰੂਆਂ ਪੀਰਾਂ ਦੀ ਇਹ ਧਰਤੀ ਪੰਜਾਬ ਦੀ।

ਵਤਨੀ ਜਿਨ੍ਹਾਂ ਨੂੰ ਮਾਣ ਸਤਿਕਾਰ ਨਾ ਮਿਲਦਾ,
ਕਿੰਨਾ ਔਖਾ, ਪੁੱਛੋ ਹਾਲ ਉਹਨਾਂ ਦੇ ਦਿਲ ਦਾ ?

ਮਨੁੱਖ ਆਪਣਾ ਦੇਸ਼ ਛੱਡ ਪਰਦੇਸ ਆ ਵੀ ਜਾਵੇ,
ਆਪਣਾ ਸਭਿਆਚਾਰ ਆਪਣੇ ਨਾਲ ਲੈ ਆਵੇ।

ਸੱਤ ਸਮੁੰਦਰੋਂ ਪਾਰ ਮਨਾਈਏ ਦਿਨ-ਦਿਹਾਰ,
ਨਹੀਂ ਭੁੱਲਦੇ ਸਮਾਜਿਕ ਰਸਮਾਂ ਦੇ ਦਿਨ-ਵਾਰ।

# ਨਹੀਂ ਉਹ ਪਿੰਡ

ਚੁੱਲ੍ਹਾ ਫੂਕਾਂ ਮਾਰ ਧੁਖਾਉਂਦੀਆਂ,
ਮਾਂ-ਧੀ ਰੋਟੀ ਟੁੱਕ ਪਕਾਉਂਦੀਆਂ।

ਧੀਆਂ ਮਾਂ ਦਾ ਹੱਥ ਵਟਾਉਂਦੀਆਂ,
ਬੋਹੜਾਂ 'ਤੇ ਰਲ ਪੀਂਘਾਂ ਪਾਉਂਦੀਆਂ।

ਨਾ ਉਹ ਬੋਹੜ ਨਾ ਪੀਂਘਾਂ ਲੱਭਣ,
ਨਾ ਪਿੰਡਾਂ ਵਿੱਚ ਤੀਆਂ ਲੱਗਣ।

ਨਾ ਉਹ ਰਿਹਾ ਮੋਹ ਪਿਆਰ,
ਨਾ ਪਹਿਲਾਂ ਵਾਲਾ ਘਰ ਬਾਹਰ।

ਨਾ ਉਹ ਸਾਂਝ ਦਿਲਾਂ ਦੀ ਲੱਭੇ,
ਨਾ ਇਕੱਠੇ ਮਿਲ ਬੈਠਣ ਸੱਭੇ।

ਨਾ ਕੋਈ ਗਲੀ ਮਹੱਲੇਦਾਰੀ,
ਨਾ ਕੋਈ ਕਿਸੇ ਦੀ ਹਿੱਸੇਦਾਰੀ।

ਸਾਂਝੀਵਾਲਤਾ ਦੀ ਗੱਲ ਗਈ,
ਫਿਰਕਾਪ੍ਰਸਤੀ ਫਲਦੀ ਪਈ।

ਪਿੰਡ ਉਹ ਪਿੰਡ ਨਹੀਂ ਲੱਗਦੇ,
ਈਰਖਾ ਦੇ ਖੁੱਲ੍ਹੇ ਦਰਿਆ ਵਗਦੇ।

ਨਾ ਬੋਹੜ ਨਾ ਬੋਹੜਾਂ ਦੀਆਂ ਛਾਵਾਂ,
ਕਿਹਨੂੰ ਪੁੱਛਾਂ ਕਿੱਥੇ ਪੀਂਘ ਚੜ੍ਹਾਵਾਂ।

ਨਾ ਲੱਭਣ ਕਿੱਕਰ, ਪਿੱਪਲ, ਟ੍ਹਾਲੀਆਂ,
ਅਲੋਪ ਹੋ ਗਏ ਹੱਲ ਪੰਜਾਲੀਆਂ।

ਨਾ ਗਾਗਰ ਛੰਨਾ ਨਾ ਰੱਖਵਾਲੀਆਂ,
ਨਾ ਰਹੀਆਂ ਪਿੱਤਲ ਦੀਆਂ ਥਾਲੀਆਂ।

ਚੌਂਕੇ-ਚੁੱਲ੍ਹੇ ਦੀ ਬਦਲ ਗਈ ਨੁਹਾਰ,
ਅੱਜ ਚੁੱਲ੍ਹਾ ਗੈਸ ਰਸੋਈ ਦਾ ਸ਼ਿੰਗਾਰ।

ਨਾ ਕਿਤੇ ਧੂੰਆਂ ਧੁਖੇ ਨਾ ਫੂਕਾਂ ਵੱਜਣ,
ਗੈਸ ਸਿਲੰਡਰ ਨੂੰ ਦੋ ਮਿੰਟ ਨਾ ਲੱਗਣ।

ਨਾ ਉਹ ਰਹੇ ਚੁਰਾਹੇ ਨਾ ਪੱਗਡੰਡੀਆਂ,
ਚੱਪਾ ਭੌਂ ਨਾ ਖਾਲੀ ਪੈ ਗਈਆਂ ਵੰਡੀਆਂ।

ਨਾ ਰਹੇ ਸੂਏ ਖਾਲੇ ਨਾ ਨਹਿਰੀ ਪਾਣੀ,
ਟਿੰਡਾਂ ਵਾਲੇ ਖੂਹ ਦੀ ਯਾਦ ਕੀ ਆਣੀ।

ਖੂਹਾਂ ਦੀ ਥਾਂ ਟਿਊਬਵੈੱਲ ਆ ਗਏ,
ਧਰਤੀ ਥੱਲਿਉਂ ਪਾਣੀ ਖਾ ਗਏ।

ਸਰਕਾਰਾਂ ਵੀ ਨਾ ਕੋਈ ਲੱਭਣ ਹੱਲ,
ਪਛੇਤੀ ਧਾਨ ਲਗਾਈ ਦੀ ਕਰਨ ਗੱਲ।

ਸਮਾਂ ਹਮੇਸ਼ਾਂ ਚੱਲਦਾ ਆਪਣੀ ਚਾਲ,
ਮਨੁੱਖ ਨੂੰ ਚੱਲਣਾ ਪੈਂਦਾ ਸਮੇਂ ਦੇ ਨਾਲ।

# ਦੂਰ ਦੁਰੇਡਿਉਂ

ਪਲ ਜੋ ਜੁਦਾਈ ਵਾਲੇ ਸਾਨੂੰ ਚੇਤੇ ਰਹਿਣਗੇ,
ਦੂਰ ਜਾ ਕੇ ਸਾਨੂੰ ਆਪਣੇ ਜ਼ਰੂਰ ਚੇਤੇ ਆਣਗੇ।

ਵੇਲਾ ਜੋ ਜੁਦਾਈ ਵਾਲਾ ਜਾਵੇ ਨਾ ਭੁਲਾਇਆ,
ਸਹਿਜੇ ਮਨ ਭਰ ਆਇਆ ਜਦੋਂ ਚੇਤਾ ਆਇਆ।

ਇਹ ਕੋਹਾਂ ਦੀਆਂ ਦੂਰੀਆਂ ਰੱਬ ਜੋ ਬਣਾਈਆਂ,
ਸੋਚਿਆ ਨਹੀਂ ਸੀ ਅੱਜ ਸਾਡੇ ਹਿੱਸੇ ਆਂਈਆਂ।

ਦੂਰ ਤੁਰ ਗਏ ਪਰਦੇਸਾਂ ਦੀ ਸੁਣ ਬੱਲੇ ਬੱਲੇ,
ਸੁਖੀ ਵੱਸੇ ਪਰਵਾਰ ਸੁਖ ਦਾ ਸੁਨੇਹਾ ਘੱਲੇ।

ਛੱਡ ਦੇਸ਼ ਪਰਦੇਸ ਗਏ, ਦੇਸ ਸਾਡੇ ਨਾਲ ਜਾਵੇ,
ਕੋਹਾਂ ਮੀਲ ਦੂਰ ਵਤਨ ਆਪਣਾ ਯਾਦ ਆਵੇ।

ਭੁਲਾਉ ਨਾ ਪਿੱਛਾ ਕਦੀ ਤੇ ਯਾਦ ਰੱਖੋ ਅੱਗਾ,
ਆਪਣਿਆਂ ਨੂੰ ਯਾਦ ਕਰੋ ਜਦੋਂ ਵਕਤ ਲੱਗਾ।

ਪਰਦੇਸ ਆਏ, ਦੇਸ ਨਾ ਅੰਦਰੋਂ ਕੱਢਿਆ ਜਾਏ,
ਵਿਦੇਸ਼ੀ ਨਾਗਰਿਕ ਹੋ ਕੇ ਘਰ ਦੀ ਯਾਦ ਸਤਾਏ।

ਪਰਦੇਸੀਂ ਵਤਨਾਂ ਦੀ ਯਾਦ ਨਹੀਂ ਅਨੋਖੀ ਗੱਲ,
ਵਤਨ ਪੰਜਾਬ ਅੱਜ ਵੱਧ ਰਿਹਾ ਬਰਬਾਦੀ ਵੱਲ।

ਅਸਰ-ਰਸੂਖ਼ ਵਾਲੇ ਲੋਕਾਂ ਦਾ ਚੱਲੇ ਨਸ਼ੇ ਦਾ ਧੰਦਾ,
ਪੰਜਾਂ ਦਰਿਆਵਾਂ ਦਾ ਆਬ ਅੱਜ ਹੋ ਗਿਆ ਗੰਦਾ।

ਚੰਗਾ ਹੋਵੇ ਜੇ ਕੋਈ ਨਿਕਲ ਆਵੇ ਪੰਜਾਬੋਂ ਬਾਹਰ,
ਨਰਕ ਦੀ ਜੂਨੇ ਪੈ ਜਾਊ ਜੇ ਨਸ਼ੇ ਲਿਆ ਕਲਾਵਾ ਮਾਰ।

ਨਸ਼ੇ ਦੇ ਵਪਾਰੀਆਂ ਦਾ ਜਾਲ ਖੇਡਣ ਚਾਲ ਨਿਰਾਲੀ,
ਵਾਧੂ ਕਰਨ ਕਮਾਈ ਭਰ ਲਏ ਢਿੱਡ ਇਹਨਾਂ ਨੇ ਖਾਲੀ।

ਮਿਹਨਤੀ ਗੱਭਰੂ ਦੇਸ਼ ਪੰਜਾਬ ਦੇ ਵਿਦੇਸ਼ੀ ਸਾਡਾ ਨਾਂ,
ਨੌਕਰੀਆਂ, ਕਾਰੋਬਾਰ ਤੇ ਰਾਜਨੀਤੀ ਵਿੱਚ ਬਣਾਈ ਥਾਂ।

# ਦਰਦਮੰਦਾਂ ਦਾ ਦਰਦੀ

ਭਗਤ ਜੀ ਵਰਗਾ ਨਾ ਕੋਈ ਹੋਇਆ ਤੇ ਨਾ ਹੋਣਾ,
ਦਰਦਮੰਦਾਂ ਦਾ ਦਰਦੀ ਆਉਂਦਾ ਦਰਦ ਵੰਡਾਉਣਾ।

ਧਰਤੀ 'ਤੇ ਮਨੁੱਖ ਦੇ ਰੂਪ ਵਿੱਚ ਆਇਆ ਇਕ ਫ਼ਰਿਸ਼ਤਾ,
ਜੀਵਨੀ ਤੋਂ ਪਤਾ ਚੱਲਦਾ ਕੀ ਬੇਸਹਾਰਿਆਂ ਨਾਲ ਰਿਸ਼ਤਾ।

ਦੂਜਿਆਂ ਦਾ ਦੁੱਖ ਸਮਝ ਕੇ ਕੌਣ ਸੰਤਾਪ ਹੰਢਾ ਸਕਦਾ,
ਆਪਣੇ ਸੁਖ ਤਿਆਗ ਕੇ ਦੂਜਿਆਂ ਦੇ ਕੌਣ ਵੰਡਾਅ ਸਕਦਾ।

ਭਗਤ ਜੀ ਨੇ ਦੁਖੀਆਂ ਦੀ ਦੁਨੀਆਂ ਨੂੰ ਨੇੜੇ ਹੋ ਕੇ ਵੇਖਿਆ,
ਸੇਵਾ ਕਰਨ ਦੀ ਭਾਵਨਾ ਨੂੰ ਆਪਣੇ ਦਿਲ ਤੇ ਉਲੇਖਿਆ।

ਸਾਰਾ ਜੀਵਨ ਮਨੁੱਖਤਾ ਦੀ ਸੇਵਾ ਲਈ ਕਰ ਦਿੱਤਾ ਅਰਪਣ,
ਦੂਜਿਆਂ ਦਾ ਦੁੱਖ-ਦਰਦ ਸਮਝਣ ਵਾਲੇ ਦੁਖੀਆਂ ਦਾ ਦਰਪਣ।

ਦੁਖੀਆਂ, ਲਾਚਾਰ ਤੇ ਬੇਸਹਾਰਿਆਂ ਲਈ ਮਸੀਹਾ ਬਣ ਕੇ ਆਏ,
ਬਚਪਨ ਤੋਂ ਐਸੀ ਲਗਨ ਲੱਗੀ ਫਿਰ ਪਿੱਛੇ ਨਹੀਂ ਹਟ ਪਾਏ।

ਬੇਸਹਾਰਿਆਂ ਦਾ ਸਹਾਰਾ ਬਣ ਕੇ ਇਕ ਨਵਾਂ ਸੰਸਾਰ ਰਚਾਇਆ,
ਆਪਣੇ ਸਮੇਂ ਦੇ ਅਨੋਖੇ ਤੱਤਕਾਲੀ ਸਮਾਜ ਸੇਵਕ ਬਣ ਵਿਖਾਇਆ।

ਨਿਮਾਣਿਆਂ ਦਾ ਮਾਣ ਨਿੱਤਾਣਿਆਂ ਦਾ ਤਾਣ ਤੇਰੀ ਇਹ ਪਛਾਣ,
ਤੇਰੇ ਦਰ 'ਤੇ ਇਕ ਵਾਰ ਜੋ ਆਇਆ ਦਿੱਤਾ ਨਹੀਂ ਵਾਪਸ ਜਾਣ।

ਬੇਘਰਿਆਂ ਦਾ ਘਰ ਲਾਵਾਰਸਾਂ ਦਾ ਵਾਰਸ ਨਿਥਾਂਵਿਆਂ ਦਾ ਥਾਂ,
ਅਪਾਹਜਾਂ ਦਾ ਮਾਂ-ਬਾਪ ਜਿਨ੍ਹਾਂ ਨੂੰ ਕੋਈ ਨਾ ਸਾਂਭੇ ਸਭ ਦਾ ਗਿਰਾਂ।

ਸ਼ਾਹੂਕਾਰ ਦਾ ਬੇਟਾ ਦਾਨੀਆਂ ਦੇ ਦਾਨ ਨਾਲ ਘਰ ਵਸਾਇਆ,
ਬੇਸਹਾਰਾ ਅਤੇ ਅਪਾਹਜਾਂ ਨੂੰ ਸਦੱਸੇ ਬਣਾ ਨਾਮ ਕਮਾਇਆ।

# ਸੱਚ ਬੋਲਦਾ

ਪੇੜ ਦੀ ਉਚਾਈ ਤੋਂ ਮਾਪੀ ਨਾ ਜਾਵੇ ਜੜ੍ਹਾਂ ਦੀ ਡੂੰਘਾਈ,
ਝੂਠ ਤਾਂ ਝੂਠ ਹੀ ਰਹਿੰਦਾ ਕਿੰਨੀ ਕੋਈ ਦੇਵੇ ਸਫ਼ਾਈ।

ਇਹ ਸੱਚ ਹੈ ਸੱਚ ਨਾ ਹੋਵੇ ਝੂਠ ਨਹੀਂ ਹੋ ਸਕਦਾ,
ਫਿਰ ਕੋਈ ਝੂਠ ਨਾਲ ਸਚ ਨੂੰ ਲੁਕੋ ਨਹੀਂ ਸਕਦਾ।

ਕਿਸਮਤ ਦਾ ਲਿਖਿਆ ਹੋਵੇ ਕੋਈ ਖੋਹ ਨਹੀਂ ਸਕਦਾ,
ਨੀਅਤ ਸਾਫ਼ ਮਿਲ ਜਾਊ, ਜੋ ਤੇਰਾ ਹੋ ਨਹੀਂ ਸਕਦਾ।

ਤਕਦੀਰ ਆਪਣੀ ਹੱਥੀਂ ਲਿਖੀ ਜਾ ਸਕਦੀ ਹੋਵੇ,
ਦੋ ਡੰਗ ਦੀ ਰੋਟੀ ਲਈ ਕਿਸਮਤ ਨੂੰ ਕਿਉਂ ਰੋਵੇ।

ਦੁੱਖ ਕਦੀ ਦੁਖੀਏ ਦਾ ਹੰਢਾਇਆ ਨਹੀਂ ਜਾ ਸਕਦਾ,
ਇਨਸਾਨ ਦੀ ਕੋਸ਼ਿਸ਼ ਹੋਵੇ ਵੰਡਾਇਆ ਜਾ ਸਕਦਾ।

ਗ਼ਰੀਬ ਦੀ ਗ਼ਰੀਬੀ ਦਾ ਕੋਈ ਅੰਦਾਜ਼ਾ ਕੀ ਲਾਉਣਾ,
ਉਹ ਪੈਂਦੇ ਜਾਂ ਸਿਰਹਾਣੇ ਸੌਂਵੇਂ ਲੱਕ ਵਿਚਕਾਰ ਆਉਣਾ।

ਕੁਦਰਤ ਦਾ ਕਰਿਸ਼ਮਾ ਰੁਕਾਇਆ ਨਹੀਂ ਜਾ ਸਕਦਾ,
ਗਮ ਵਿਚ ਡੁੱਬੇ ਨੂੰ ਕਦੀ ਹਸਾਇਆ ਨਹੀਂ ਜਾ ਸਕਦਾ।

ਵੇਖੇ ਬੜੇ ਦੋਸਤ ਹੱਸ-ਹੱਸ ਕੇ ਜੋ ਲੱਭਦੇ ਗੱਲਾਂ ਕਰਦੇ,
ਐਸੇ ਦੋਸਤ ਕਦੀ ਪਿੱਠ ਪਿੱਛੇ ਕਰਨੋਂ ਵਾਰ ਨਹੀਂ ਡਰਦੇ।

ਕਈ ਵਾਰ ਦੋਸਤਾਂ ਦੀ ਦੋਸਤੀ ਦਾ ਪਿਆਰ ਮਾਰ ਜਾਂਦਾ,
ਜ਼ਰੂਰਤ ਤੋਂ ਵੱਧ ਕੀਤਾ ਹੋਇਆ ਇਤਬਾਰ ਮਾਰ ਜਾਂਦਾ।

# ਤੁਰ ਜਾਣ ਮਾਪੇ

ਮਾਤਾ-ਪਿਤਾ ਦੀਆਂ ਉਹ ਯਾਦਾਂ,
ਨਹੀਂ ਪੂਰੀਆਂ ਹੁੰਦੀਆਂ ਘਾਟਾਂ।

ਮਾਂ ਦਾ ਗੋਦੀ ਵਿੱਚ ਖਿਡਾਉਣਾ,
ਪਿਤਾ ਦਾ ਮੋਢਿਆਂ ਤੇ ਬਿਠਾਉਣਾ।

ਨਹੀਂਉਂ ਸਮਾਂ ਉਹ ਮੁੜ ਆਉਣਾ,
ਏਨਾ ਸੌਖਾ ਨਹੀਂ ਸਮਾਂ ਭੁਲਾਉਣਾ।

ਉਹ ਪਲ ਮੁੜ-ਮੁੜ ਚੇਤੇ ਆਉਂਦੇ,
ਗਏ ਮਾਪੇ ਮੁੜ ਨਹੀਂ ਫੇਰਾ ਪਾਉਂਦੇ।

ਇਹ ਸਭ ਤਕਦੀਰਾਂ ਦਾ ਸਭ ਖੇਲ,
ਤੁਰ ਜਾਣ ਮਾਪੇ ਕਦੀ ਨਾ ਹੋਵੇ ਮੇਲ।

ਵਹਿ ਗਏ ਪਾਣੀ ਮੁੜ ਨਹੀਂ ਆਉਂਦੇ,
ਖੂਹ ਸੁੱਕ ਜਾਣ ਖੂਹ ਨਹੀਂ ਕਹਾਉਂਦੇ।

ਲੱਖ ਦਿਲਾਸਾ ਮਾਪੇ ਕਦੀ ਨਹੀਂ ਭੁੱਲਦੇ,
ਬਰਸਾਤਾਂ ਨਾਲ ਸਮੁੰਦਰ ਨਹੀਂ ਡੁੱਲ੍ਹਦੇ।

ਲੱਖ ਰਿਸ਼ਤੇ ਮਾਂ-ਪਿਉ ਜਿਹਾ ਹੋਣਾ ਨਹੀਂ,
ਰੱਬਾ ਮਾਂ-ਪਿਉ ਕਿਸੇ ਦਾ ਖੋਹਣਾ ਨਹੀਂ।

# ਯਾਰ ਪੁਰਾਣੇ

ਯਾਰ ਪੁਰਾਣੇ ਬੜੇ ਸਿਆਣੇ ਨਹੀਂ ਭੁਲਾਏ ਜਾ ਸਕਦੇ,
ਵਾਂਗ ਪੁਰਾਣੇ ਸਿੱਕੇ ਨਹੀਂ ਕਦੇ ਗਵਾਏ ਜਾ ਸਕਦੇ।

ਮਿਲ ਜਾਣ ਯਾਰ ਪੁਰਾਣੇ ਗਿਲੇ-ਸ਼ਿਕਵੇ ਹੋ ਜਾਣ ਦੂਰ,
ਦੋਸਤੀ ਰੰਗ ਲੈ ਆਵੇ ਜਿਵੇਂ ਅੰਬੀਆਂ ਦੇ ਬੂਟਿਆਂ ਨੂੰ ਬੂਰ।

ਚਿਰਾਂ ਪੁਰਾਣੀ ਅਟਕੀ ਤਾਂਘ ਮਿਲਣ ਦੀ ਹੋ ਜਾਵੇ ਪੂਰੀ,
ਵਾਅਦਿਆਂ ਦਾ ਸਫਰ ਮੁੱਕ ਜਾਵੇ ਨਾ ਕੋਈ ਰਹੇ ਮਜਬੂਰੀ।

ਦੋਸਤ ਦੀ ਦੋਸਤੀ ਵਿਚੋਂ ਵਾਧੂ ਝਲਕਦਾ ਰਹੇ ਪਿਆਰ,
ਪੁਰਾਣੇ ਦਿਨ ਚੇਤੇ ਆਉਂਦੇ ਬਿਤਾਏ ਜੋ ਇਕ ਦੂਜੇ ਨਾਲ।

ਦੋਸਤ ਦੋਸਤ ਹੀ ਹੁੰਦੇ ਸਕੂਲ ਕਾਲਜ ਜਾਂ ਪਿੰਡ ਦੇ ਹੋਣ,
ਉਹ ਨਹੀਂ ਕਦੇ ਭੁੱਲਦੇ ਜੋ ਦੁਖ-ਸੁਖ ਵੇਲੇ ਨਾਲ ਖਲੋਣ।

ਅਸੀਂ ਯਾਦ ਇਕ-ਦੂਜੇ ਨੂੰ ਕਰ ਲੈਂਦੇ ਫਿਰ ਦੂਰੀਆਂ ਕਿਉਂ,
ਸਫਰ ਜ਼ਿੰਦਗੀ ਦਾ ਚੱਲਦਾ ਰਹਿੰਦਾ ਫਿਰ ਇਉਂ ਹੀ ਇਉਂ !

ਜ਼ਿੰਦਗੀ ਦੇ ਰੁਝੇਵਿਆਂ ਵਧਾ ਦਿੱਤੀਆਂ ਸਾਡੀਆਂ ਦੂਰੀਆਂ,
ਮਿਲਣ ਦੀ ਚਾਹਤ ਵੀ ਹੋਵੇ ਦੂਰੀਆਂ ਬਣ ਜਾਣ ਮਜਬੂਰੀਆਂ।

ਦੋਸਤੀ ਨੂੰ ਸਮਝਣ ਵਾਲੇ ਇਹ ਹੱਦਾਂ ਵੀ ਕਰ ਜਾਣ ਪਾਰ,
ਦਿਲ ਮਿਲ ਜਾਣ ਜਦੋਂ ਤਾਂ ਇਕ ਦੂਜੇ ਦਾ ਵਧੇ ਸਤਿਕਾਰ।

# ਆਪਣੇ ਵਤਨੀਂ

ਵਤਨੀਂ ਜਿਨ੍ਹਾਂ ਨੂੰ ਐਸਾ ਮਿਲੇ ਨਾ ਮਾਣ,
ਵਿਚ ਵਿਦੇਸ਼ਾਂ ਉਹਨਾਂ ਦੀ ਉੱਚੀ ਸ਼ਾਨ।

ਇਹ ਭੁਲੇਖਾ ਵੀ ਹੁਣ ਹੋ ਗਿਆ ਦੂਰ,
ਤਾਈਉਂ ਅਸੀਂ ਜਾ ਰਹੇ ਵਤਨਾਂ ਤੋਂ ਦੂਰ।

ਆਉ ਜਸਟਿਨ ਟਰੂਡੋ ਨੂੰ ਕਰੀਏ ਸਲਾਮ,
ਕਨੇਡਾ ਵਿੱਚ ਸਿੱਖਾਂ ਨੂੰ ਬਖ਼ਸ਼ਿਆ ਮਾਣ।

ਆਪਣੇ ਵਤਨੀ ਜਿੰਨਾਂ ਨੂੰ ਮਿਲੇ ਨਾ ਢੋਈ,
ਪਰਦੇਸ਼ਾਂ ਵਿੱਚ ਉਹਨਾਂ ਦੀ ਬੱਲੇ-ਬੱਲੇ ਹੋਈ।

ਸਿੱਖਾਂ ਨੂੰ ਮਾਣ ਬਖਸ਼ਣਾ ਨਹੀਂ ਆਮ ਗੱਲ,
ਵੇਖ, ਹਰ ਕੋਈ ਉਂਗਲੀ ਕਰੇ ਭਾਰਤ ਵੱਲ।

ਸੰਸਾਰ ਵੇਖ ਰਿਹਾ ਭਾਰਤ ਦੀਆਂ ਅੱਖਾਂ ਬੰਦ,
ਸਿੱਖ ਭਾਰਤੀ, ਐਸੀ ਕਿਉਂ ਖੜ੍ਹੀ ਕੀਤੀ ਕੰਧ ?

ਭਾਰਤ ਅੰਦਰ ਸਿੱਖਾਂ ਨੂੰ ਕਹਿੰਦੇ ਅੱਤਵਾਦੀ,
ਸੋਚੋ ਕੀ ਵੁਕਤ ਸਾਡੇ ਮੁਲਕ ਅੰਦਰ ਸਾਡੀ ?

ਜੇ ਭਾਰਤੀ ਸਰਹੱਦੀ ਜੰਗਾਂ ਦੀ ਗੱਲ ਕਰੀਏ,
ਸਿੱਖਾਂ ਦੀ ਬਹਾਦਰੀ ਦੇ ਕਈ ਕਿੱਸੇ ਪੜ੍ਹੀਏ।

ਫਿਰ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਵੇ,
ਇਸ ਅੰਦਰ ਕੀ ਰਾਜ ਕੋਈ ਸਮਝ ਨਾ ਆਵੇ।

ਫ਼ੌਜ ਵਿੱਚ ਸਿੱਖਾਂ ਨਾਲ ਵਿਤਕਰਾ ਜਤਾਉਣਾ,
ਭਾਰਤ ਦੀ ਸੁਰੱਖਿਆ ਖ਼ਤਰੇ ਵਿਚ ਪਾਉਣਾ।

# ਮੈਂ ਉਸ ਦੇਸ ਦਾ ਵਾਸੀ

ਜਿਸ ਦੇਸ ਮੇਂ ਗੰਗਾ ਬਹਿਤੀ,
ਗ਼ਰੀਬੋਂ ਕੀ ਦੁਨੀਆਂ ਰਹਿਤੀ,
ਕੁਦਰਤ ਦਾ ਕਹਿਰ ਸਹਿਤੀ,
ਮੈਂ ਉਸ ਦੇਸ਼ ਦਾ ਵਾਸੀ ਹਾਂ .......

ਜਿਥੇ ਚਲਦੀ ਰਿਸ਼ਵਤਖੋਰੀ,
ਧੀ ਮਾਰਦੇ ਕੁੱਖ ਵਿਚ,
ਪੁੱਤਾਂ ਦੀ ਵੰਡਦੇ ਲੋਹੜੀ,
ਮੈਂ ਉਸ ਦੇਸ਼ ਦਾ ਵਾਸੀ ਹਾਂ .......

ਜਿਥੇ ਬੰਦੇ ਨੂੰ ਬੰਦਾ ਪੁੱਟੀ ਜਾਵੇ,
ਰਾਹੇ ਜਾਂਦੀ ਔਰਤ ਦੀ ਪੱਤ ਲੁੱਟੀ ਜਾਵੇ,
ਪ੍ਰਸ਼ਾਸ਼ਨ ਦੋਸ਼ ਲੋਕਾਂ 'ਤੇ ਸੁੱਟੀ ਜਾਵੇ,
ਮੈਂ ਉਸ ਦੇਸ਼ ਦਾ ਵਾਸੀ ਹਾਂ ........

ਨਸ਼ਿਆਂ ਲੋਕਾਂ ਦੀ ਮੱਤ ਮਾਰੀ,
ਜਿਸ ਵਿਚ ਡੁੱਬੀ ਖਲਕਤ ਸਾਰੀ,
ਲੱਗ ਜਾਵੇ ਬਣ ਜੇ ਮੁਸ਼ਕਿਲ ਭਾਰੀ,
ਮੈਂ ਉਸ ਦੇਸ਼ ਦਾ ਵਾਸੀ ਹਾਂ .......

ਪ੍ਰਸ਼ਾਸਨ ਸੁੱਤਾ ਕੁੰਭਕਰਨ ਦੀ ਨੀਂਦੇ,
ਸ਼ਰੇ ਆਮ ਲੋਕ ਫਿਰਦੇ ਨਸ਼ਾ ਪੀਂਦੇ,
ਮਰ ਜਾਵਾਂਗੇ ਨਸ਼ੇ ਬਿਨਾਂ ਨਹੀਂ ਰਹਿੰਦੇ,
ਮੈਂ ਉਸ ਦੇਸ਼ ਦਾ ਵਾਸੀ ਹਾਂ ........

ਬੇਇਲਾਜ ਕੈਂਸਰ ਅਤੇ ਏਡਜ਼ ਨੇ ਘਰ ਕੀਤਾ,
ਪੈਸੇ ਹੱਥੋਂ ਲੋਕਾਂ ਦਾ ਲਹੂ ਪੀਤਾ,
ਲੋਕਾਂ ਦਾ ਜੀਉਣਾ ਮੁਸ਼ਕਿਲ ਕੀਤਾ,
ਮੈਂ ਉਸ ਦੇਸ਼ ਦਾ ਵਾਸੀ ਹਾਂ ......

ਜਾਤਾਂ-ਪਾਤਾਂ ਵਿੱਚ ਵੰਡਿਆ ਸਮਾਜ ਸਾਰਾ,
ਕੋਈ ਪੂਜੇ ਰੱਬ ਕੋਈ ਅੱਲਾਹ ਕਹਿ ਕੇ ਗੁਰੂ ਹਮਾਰਾ,
ਵਹਿਮਾਂ-ਭਰਮਾਂ ਵਿਚ ਡੁਬਿਆ ਦੇਸ ਸਾਰਾ,
ਮੈਂ ਉਸ ਦੇਸ਼ ਦਾ ਵਾਸੀ ਹਾਂ ........

ਅਮੀਰ ਤੇ ਗ਼ਰੀਬ ਦਾ ਪਾੜ੍ਹਾ ਖਾਈ ਜਾਵੇ,
ਜਮ੍ਹਾਖੋਰੀ ਦਾ ਦੋਸ਼ ਵਪਾਰੀਆਂ 'ਤੇ ਲਾਈ ਜਾਵੇ,
ਸਰਕਾਰ ਜੋ ਭਾਰ ਗ਼ਰੀਬਾਂ 'ਤੇ ਪਾਈ ਜਾਵੇ,
ਮੈਂ ਉਸ ਦੇਸ਼ ਦਾ ਵਾਸੀ ਹਾਂ .........

ਜਿਥੇ ਕੀਮਤਾਂ ਛੋਹਣ ਆਕਾਸ਼ ਪਈਆਂ,
ਇਕ ਗ਼ਰੀਬ ਦਾ ਜੀਉਣਾ ਮਹਾਲ ਹੋਇਆ,
ਅਮੀਰਾਂ ਦੀਆਂ ਗੱਡੀਆਂ ਉਵੇਂ ਚੱਲ ਰਹੀਆਂ,
ਮੈਂ ਉਸ ਦੇਸ਼ ਦਾ ਵਾਸੀ ਹਾਂ ........

ਜਿਥੇ ਪ੍ਰਦੂਸ਼ਨ ਦਾ ਬਹੁਤ ਵੱਡਾ ਕਹਿਰ,
ਚਾਹੇ ਛੋਟਾ ਪਿੰਡ ਹੋਵੇ ਜਾਂ ਵੱਡਾ ਸ਼ਹਿਰ,
ਵਾਤਾਵਰਣ ਵਿਚ ਮਿਲਾਈ ਜਾਂਦੇ ਜ਼ਹਿਰ,
ਮੈਂ ਉਸ ਦੇਸ਼ ਦਾ ਵਾਸੀ ਹਾਂ .........

ਜਿਥੇ ਸਰਕਾਰ ਝੂਠੇ ਲਾਰੇ ਲਾਉਂਦੀ,
ਆਪਣੀਆਂ ਪ੍ਰਾਪਤੀਆਂ ਦਾ ਰੌਲਾ ਪਾਉਂਦੀ,
ਝੂਠੇ ਅੰਕੜਿਆਂ ਨਾਲ ਵਿਕਾਸ ਦਰਸਾਉਂਦੀ,
ਮੈਂ ਉਸ ਦੇਸ਼ ਦਾ ਵਾਸੀ ਹਾਂ .........

# ਭਾਰਤੀ ਕੈਦੀ ਦੀ ਭੇਦ ਭਰੀ ਮੌਤ

ਲੱਖਾਂ ਕੈਦੀ ਪਾਕਿਸਤਾਨ ਦੀਆਂ ਜੇਲ੍ਹਾਂ ਵਿੱਚ ਗਲਦੇ,
ਕੋਈ ਨਾ ਸੁਣਦਾ ਜਦੋਂ ਉਹ ਕੋਈ ਸੁਨੇਹਾਂ ਘੱਲਦੇ।

ਆਖਰਕਾਰ ਇਕ ਭੈਣ ਨੇ ਆਪਣਾ ਭਰਾ ਗਵਾਇਆ,
ਸਵਾਏ ਆਰਥਕ ਮਦਦ ਦੇ ਹੱਥ ਕੁਝ ਨਾ ਆਇਆ।

ਸਰਕਾਰਾਂ ਨੇ ਮਿਲ ਕੇ ਬਹੁਤ ਅਫ਼ਸੋਸ ਜਤਾਇਆ,
ਭਾਰਤ ਨੇ ਪਾਕ 'ਤੇ ਕੋਈ ਦਬਾਅ ਨਹੀਂ ਪਾਇਆ।

ਭਾਰਤ ਸਰਕਾਰ ਕਹਿੰਦੀ ਅਸੀਂ ਕੋਸ਼ਿਸ਼ ਕੀਤੀ ਪੂਰੀ,
ਸਭ ਸਾਧਨ ਜੁਟਲਾ ਕੇ ਕਸਰ ਨਾ ਛੱਡੀ ਕੋਈ ਅਧੂਰੀ।

ਅਵਾਮ ਕਹਿੰਦਾ ਭਾਰਤ ਸਰਕਾਰ ਨਿਕਲੀ ਕਮਜ਼ੋਰ,
ਇਸਦਾ ਪਾਕ ਸਰਕਾਰ ਅੱਗੇ ਨਹੀਂ ਕੋਈ ਚੱਲਿਆ ਜ਼ੋਰ।

ਭਾਰਤ ਵਿੱਚ ਜਦੋਂ ਅਫ਼ਜ਼ਲ ਨੂੰ ਫ਼ਾਂਸੀ ਗਈ ਲਾਈ,
ਉਸ ਦਿਨ ਤੋਂ ਸਰਬਜੀਤ ਦੇ ਸਿਰ 'ਤੇ ਮੌਤ ਮੰਡਲਾਈ।

ਉਸਤੇ ਜਾਨਲੇਵਾ ਹਮਲੇ ਨੇ ਭਾਰਤ ਨੂੰ ਯਾਦ ਕਰਵਾਇਆ,
ਭਾਰਤ ਲਿਆਉਣ ਲਈ ਪਾਕਿਸਤਾਨ 'ਤੇ ਜ਼ੋਰ ਪਾਇਆ।

ਪਾਕਿਸਤਾਨ ਦੀ ਸਰਕਾਰ ਨੂੰ ਭਾਰਤ ਨੇ ਬਹੁਤ ਸਮਝਾਇਆ,
ਕਿਸਮਤ ਮਾੜੀ ਭਾਰਤ ਸਰਕਾਰ ਦੇ ਹੱਥ ਕੁਝ ਨਾ ਆਇਆ।

ਪਾਕ ਸਰਕਾਰ ਨੇ ਟਾਲਿਆ ਕਹਿ ਮੈਡੀਕਲ ਬੋਰਡ ਬਿਠਾਇਆ,
ਭਾਰਤ ਭੇਜਣ ਦੀ ਲੋੜ ਨਹੀਂ ਬੋਰਡ ਨੇ ਫੈਸਲਾ ਸੁਣਾਇਆ।

ਪਾਕ ਸਰਕਾਰ ਦੀ ਭਾਰਤ ਸਰਕਾਰ ਨੂੰ ਟਾਲਣ ਦੀ ਨੀਤੀ,
ਮੈਡੀਕਲ ਬੋਰਡ ਬਿਠਾ ਪਾਕ ਸਰਕਾਰ ਆਪਣੀ ਮਰਜ਼ੀ ਕੀਤੀ।

ਸਰਕਾਰਾਂ ਨੂੰ ਕੀ ਮੌਤ ਨਾਲ, ਹਜ਼ਾਰਾਂ ਲੋਕ ਮਰਦੇ ਹਰ ਸਾਲ।
ਸਰਕਾਰਾਂ ਕੋਲ ਫੰਡ ਬਥੇਰੇ, ਅੱਥਰੂ ਪੂੰਝਣ ਲਈ ਤੇਰੇ ਤੇ ਮੇਰੇ।

# ਆਜ਼ਾਦੀ ਦੀ ਸ਼ਮ੍ਹਾ ਦਾ ਪਰਵਾਨਾ

ਭਗਤ ਸਿੰਹਾਂ ਤੇਰੀ ਫੋਟੋ ਨੋਟਾਂ ਤੇ ਕਿਉਂ ਨਹੀਂ ਲੱਗਦੀ,
ਬਿਨਾਂ ਤੇਲ ਤੋਂ ਜਗਣ ਵਾਲੇ ਦੀਵੇ ਦੀ ਜੋਤ ਰੱਖੀ ਤੂੰ ਜਗਦੀ।

ਕਿਤਾਬਾਂ ਦੇ ਪੰਨਿਆਂ 'ਤੇ ਥਾਂ-ਥਾਂ ਤੈਨੂੰ ਲਿਖਿਆ ਗਿਆ ਸ਼ਹੀਦ,
ਕਾਨੂੰਨ ਦੇ ਕਿਸੇ ਪੰਨੇ ਨੇ ਨਹੀਂ ਕੀਤੀ ਇਸ ਗੱਲ ਦੀ ਤਾਕੀਦ।

ਜਾਨ ਵਾਰ ਕੇ ਦੇਸ ਲਈ ਨਹੀਂ ਕੀਤੀ ਜਵਾਨੀ ਦੀ ਪਰਵਾਹ,
ਤੂੰ ਦੇਸ਼ ਦੇ ਲੇਖੇ ਲਾ ਦਿੱਤੇ ਆਪਣੇ ਭਰ ਜਵਾਨੀ ਵਾਲੇ ਸਾਹ।

ਮੁੱਛ ਫੁੱਟ ਗਭਰੂ ਜਵਾਨ ਚੌਵੀ ਸਾਲ ਸੀ ਉਮਰ ਜਿਸਦੀ,
ਲਾੜੀ ਮੌਤ ਨਾਲ ਲੈ ਕੇ ਤੁਰ ਪਿਆ ਜੋ ਅੱਗਿਉਂ ਸੀ ਦਿੱਸਦੀ।

ਅੰਗਰੇਜ਼ਾਂ ਦੀਆਂ ਵਧੀਕੀਆਂ ਨੂੰ ਅੱਖੋਂ ਪਰੋਖਾ ਕਰ ਨਾ ਸਕਿਆ,
ਹਕੂਮਤ ਨੂੰ ਵੰਗਾਰਨ ਲਈ ਅਸੰਬਲੀ ਵਿੱਚ ਜਾ ਬੰਬ ਰੱਖਿਆ।

ਲਾਲਾ ਲਾਜਪਤ ਰਾਏ ਦੀ ਮੌਤ ਦਾ ਸੀ ਲੱਗਾ ਡੂੰਘਾ ਸਦਮਾ,
ਉਸ ਦਿਨ ਤੋਂ ਪ੍ਰਣ ਕੀਤਾ ਚੱਲਦਾ ਰਹੂੰਗਾ ਪਿਛੇ ਤੇਰੇ ਕੱਦਮਾਂ।

ਆਜ਼ਾਦੀ ਦੀ ਲਹਿਰ ਵਿੱਚ ਆਪਣੇ ਰਾਹ ਤੋਂ ਪਿੱਛੇ ਨਾ ਹਟਿਆ,
ਰਾਜਗੁਰੂ ਤੇ ਸੁਖਦੇਵ ਵਰਗੇ ਸਾਥੀਆਂ ਨਾਲ ਰਿਹਾ ਡੱਟਿਆ।

ਆਖਰ ਹਕੂਮਤ ਨੇ ਦੋਸ਼ ਤਹਿ ਕਰਕੇ ਫਾਂਸੀ ਦਾ ਹੁਕਮ ਸੁਣਾਇਆ,
ਤੇਈ ਮਾਰਚ ਉੱਨੀ ਸੌ ਕੱਤੀ ਨੂੰ ਗਲ ਵਿੱਚ ਫਾਂਸੀ ਦਾ ਰੱਸਾ ਪਾਇਆ।

ਆਜ਼ਾਦੀ ਦੀ ਸ਼ਮ੍ਹਾ ਦਾ ਪਰਵਾਨਾ ਸ਼ਮਾ ਨੂੰ ਜਗਦੀ ਛੱਡ ਲੱਧ ਗਿਆ,
ਵਿਸ਼ਾਲ ਭਾਰਤ ਦੇ ਦੋ ਟੁਕੜੇ ਕਰ ਆਖਰ ਅੰਗਰੇਜ਼ ਭਾਰਤ ਛੱਡ ਗਿਆ।

# ਪੰਜਾਬੀ ਵਿਚ ਅਮਰੀਕਾ

ਵੇਖੋ ਪੰਜਾਬੀਆਂ ਦਾ ਕੀ ਹਾਲ ਵਿੱਚ ਅਮਰੀਕਾ,
ਸੈੱਟ ਹੋਣ ਲਈ ਲੱਭਣਾ ਪੈਂਦਾ ਕੋਈ ਤੌਰ ਤਰੀਕਾ।

ਸਾਰੇ ਭੱਜਣ ਵੱਲ ਅਮਰੀਕਾ ਕਹਿੰਦੇ ਮੁਲਕ ਹੈ ਚੰਗਾ,
ਪੈਸੇ ਖਰਚ ਕੇ ਵੀਜ਼ਾ ਲੱਗਾ ਮੈਂ ਕਿਹਾ ਲੈ ਲਿਆ ਪੰਗਾ।

ਨਾ ਪਿੱਛੇ ਨਾ ਅੱਗੇ ਜੋਗਾ ਫਸ ਗਿਆ ਅੱਧ ਵਿਚਕਾਰ,
ਬਾਪੂ ਦੀ ਕਮਾਈ ਖਰਚਾ ਕੇ ਬਣ ਗਿਆ ਦਿਹਾੜੀਦਾਰ।

ਬਾਪੂ ਬੇਹੱਦ ਖੁਸ਼ ਫ਼ੋਨ ਤੇ ਪੁੱਛਦਾ ਕੀ ਹਾਲ ਪੁੱਤ ਤੇਰਾ,
ਬਾਪੂ ਉਡੀਕੇ ਡਾਲਰ ਪੁੱਛਦਾ ਪੁੱਤ ਕਦੋਂ ਮਾਰੇਂਗਾ ਗੇੜਾ।

ਕੀ ਦੱਸਾਂ, ਬਾਪੂ ਨੂੰ ਸੱਚ ਦੱਸਣ ਦੀ ਹਿੰਮਤ ਨਹੀਂ ਪੈਂਦੀ,
ਦੋ ਦੋ ਸ਼ਿਫ਼ਟਾਂ ਕੰਮ ਕਰਕੇ ਜਾਨ ਸੂਲੀ 'ਤੇ ਟੰਗੀ ਰਹਿੰਦੀ।

ਪਕਾਉਣੀ ਵੀ ਖਾਣੀ ਵੀ ਫਿਰ ਨੀਂਦ ਵੀ ਪੂਰੀ ਕਰਨੀ ਪੈਂਦੀ,
ਡਾਲਰਾਂ ਦਾ ਭੁੱਸ ਮਾੜਾ ਭੁੱਖ ਨੀਂਦਰੇ ਰਹਿ ਕੇ ਜਰਨੀ ਪੈਂਦੀ।

ਵਿਚ ਪਰਦੇਸਾਂ ਜਾਨ ਮਾਰ ਕੇ ਡਾਲਰ ਕਮਾਉਣੇ ਪੈਂਦੇ,
ਗਰੀਨ ਕਾਰਡ ਮਿਲਦਾ ਨਹੀਂ ਇੰਡੀਆ ਦੇ ਸੁਪਨੇ ਲੈਂਦੇ।

ਇਹ ਹਾਲ ਹੈ ਉਹਨਾਂ ਦਾ ਜੋ ਏਜੰਟਾਂ ਦੇ ਧੱਕੇ ਚੜ੍ਹਦੇ,
ਗਰੀਨ ਕਾਰਡ ਲੈ ਪਹੁੰਚਣ ਵਾਲੇ ਵੀ ਇਹੋ ਕੰਮ ਕਰਦੇ।

ਪੰਜਾਬ ਵਿਚ ਚੰਗੀ ਨੌਕਰੀ ਸ਼ਾਹੀ ਠਾਠ ਨਾਲ ਰਹਿੰਦੇ,
ਉਲਟੇ-ਸਿੱਧੇ ਕੰਮਾਂ ਲਈ ਅਫ਼ਸਰ ਆਪ ਬੁਲਾ ਕੇ ਕਹਿੰਦੇ।

ਹੱਥਾਂ ਨਾਲ ਪੈਸੇ ਸੀ ਰੋਲਦੇ ਕੀ ਲੱਭਾ ਵਿੱਚ ਅਮਰੀਕਾ,
ਦੋ ਦੋ ਜਾਬਾਂ ਕਰਨ ਤੋਂ ਬਿਨਾਂ ਨਹੀਂ ਕੋਈ ਹੋਰ ਤਰੀਕਾ !

# ਕਰਾਏ ਦਾ ਮਕਾਨ

ਮਨੁੱਖ ਦਾ ਸਰੀਰ ਇਕ ਕਿਰਾਏ ਦਾ ਮਕਾਨ,
ਜੀਵ ਕਿਰਾਏਨਾਵੇਂ ਦੀਆਂ ਸ਼ਰਤਾਂ ਕਰੇ ਪਰਿਵਾਨ।

ਜਿਵੇਂ ਮਕਾਨ ਮਾਲਕ ਕਿਰਾਏ ਦਾ ਭਰੋਸਾ ਚਾਹੁੰਦਾ,
ਸਰੀਰ ਦਾ ਮਾਲਕ ਅਧਿਆਤਮਕ ਸ਼ਰਤਾਂ ਲਾਉਂਦਾ।

ਦੁਨੀਆਂ ਵਿਚ ਆ ਕੇ ਮਨੁੱਖ ਤਾਂ ਸ਼ਰਤਾਂ ਭੁੱਲ ਜਾਂਦਾ,
ਪਰ ਸਰੀਰ ਰੂਪੀ ਮਕਾਨ ਨੂੰ ਛੱਡਣਾ ਨਹੀਂ ਚਾਹੁੰਦਾ।

ਉਹਦੇ ਘਰ ਵਿੱਚ ਦੇਰ ਹੈ ਅੰਧੇਰ ਨਹੀਂ ਹੋ ਸਕਦੀ,
ਬੇੜੀ ਦਾ ਮਲਾਹ ਸਿਆਣਾ ਹੋਵੇ ਤਾਂ ਬੰਨੇ ਲੱਗਦੀ।

ਮਿੱਟੀ ਇਹ ਸਰੀਰ ਫਿਰ ਕਿਸੇ ਨਹੀਂ ਆਉਣਾ ਕੰਮ,
ਚਾਰ ਗਵਾਇਆ ਹੰਢ ਕੇ ਚਾਰ ਗਵਾਇਆ ਸਮ।

ਵੇਲਾ ਹੱਥ ਨਹੀਂ ਆਉਣਾ ਜਦ ਨਿਕਲ ਗਿਆ ਦਮ,
ਜਦ ਲੇਖਾ ਰੱਬ ਮੰਗੇਸੀਆ ਤੂੰ ਆਇਉਂ ਕਿਹੜੇ ਕੰਮ?

ਸਰੀਰ ਰੂਪੀ ਮਕਾਨ ਵਿਚ ਆਵਾਸ ਕਰਮਾਂ ਦਾ ਫਲ,
ਬਾਹੋਂ ਪਕੜ ਕੇ ਲੈ ਜਾਵੇ ਕਿਸੇ ਨਹੀਂ ਵੇਖਿਆ ਕੱਲ੍ਹ।

ਹੋਣੀਹਾਰ ਮਿਟਾਵੇ ਕੌਣ ਫਿਰ ਇਕ ਨਾ ਉਡੀਕੇ ਪਲ,
ਵੇਦ ਗ੍ਰੰਥ ਵੀ ਕਹਿੰਦੇ ਮੋੜ ਨਾ ਸਕੇ ਕੋਈ ਮੌਤ ਅਟੱਲ।

ਸਰੀਰ ਦੀ ਰਹਿਸ਼ ਖ਼ਤਮ ਹੋ ਜਾਵੇ ਸਾਹ ਸੁੱਕ ਜਾਵੇ,
ਮਨੁੱਖ ਦੇ ਜੀਵਨ ਦਾ ਸਫ਼ਰ ਫਿਰ ਉਥੇ ਹੀ ਮੁੱਕ ਜਾਵੇ।

# ਮਨੁੱਖ ਦੀ ਸੰਤੁਸ਼ਟੀ

ਅਮੀਰ ਗ਼ਰੀਬ ਸਭ ਉਹਦੀ ਪਰਜਾ,
ਕੋਈ ਸ਼ਾਹੂਕਾਰ ਕਿਸੇ ਦੇ ਸਿਰ 'ਤੇ ਕਰਜਾ।

ਕਹੀਏ ਭਾਵੇਂ ਕੁਝ ਵੀ ਸਭ ਉਹਦੀ ਪਰਜਾ,
ਇਹ ਸੱਚ ਤਾਂ ਉੱਚਾ ਨੀਵਾਂ ਕਿਉਂ ਦਰਜਾ?

ਸਮਾਜਿਕ ਸ਼੍ਰੇਣੀਆਂ ਦੀ ਵੰਡ ਮਨੁੱਖੀ ਸੋਚ,
ਇਹ ਸੋਚ ਘੁਣ ਵਾਂਗ ਸਮਾਜ ਨੂੰ ਰਹੀ ਨੋਚ।

ਦਾਤਾ ਦਾਤਾਰ ਕਰੇ ਕਰਾਏ ਆਪੇ ਆਪ,
ਚੰਗਾ ਮਾੜਾ ਮਾਨਸ਼ ਕੇ ਨਹੀਂ ਕੁਝ ਹਾਥ।

ਦੁਖ-ਸੁਖ ਮਨੁੱਖ ਦੇ ਜੀਵਨ ਦਾ ਅੰਗ,
ਚੰਗਾ-ਮਾੜਾ ਸਮਾਂ ਸਭ ਉਹਦੇ ਰੰਗ।

ਹਮ ਜੀਵ ਪ੍ਰਾਣੀ ਇਹ ਦੇਹ ਨਿਤਾਣੀ,
ਦੱਬ ਕੇ ਵਾਹ ਕਿਸੇ ਕੰਮ ਨਹੀਂ ਆਣੀ।

ਮਿਲਣਾ ਜੋ ਲਿਖਿਆ ਵਿਚ ਤਕਦੀਰਾਂ,
ਚਾਹੇ ਬਦਲ ਜਾਣ ਹੱਥਾਂ ਦੀਆਂ ਲਕੀਰਾਂ।

ਜੋ ਕੁਝ ਉਹ ਕਰਦਾ ਬਸ ਚੰਗਾ ਕਰਦਾ,
ਸਾਡਾ ਮੰਗਣ ਲੱਗਿਆਂ ਢਿੱਡ ਨਹੀਂ ਭਰਦਾ।

ਦੋਸ਼ੀ ਆਪ ਕਾਹਨੂੰ ਦੋਸ਼ ਕਿਸੇ ਨੂੰ ਦਈਏ,
ਦੂਜਿਆਂ ਦਾ ਦੋਸ਼ ਆਪਣੇ ਸਿਰ ਮੜ੍ਹ ਲਈਏ!

ਝੋਲੀਆਂ ਭਰ ਦੇਵੇ ਜੇ ਹੋਵੇ ਮਿਹਰਬਾਨ,
ਕਰੇ ਕਰਾਏ ਆਪ ਸਭ ਉਹਦਾ ਫੁਰਮਾਨ।

ਮਨੁੱਖ ਸੰਤੁਸ਼ਟੀ ਦੀ ਤਾਲਾਸ਼ ਵਿਚ ਲੱਗਾ,
ਅੱਗਾ ਨੇੜੇ ਆ ਗਿਆ ਸਿਰਾ ਨਹੀਂ ਲੱਭਾ।

ਸੰਤੁਸ਼ਟੀ ਨਹੀਂ ਮਿਲਦੀ ਜ਼ਿੰਦਗੀ ਬੀਤ ਜਾਵੇ,
ਮਾਨਸਿਕ ਸੰਤੁਸ਼ਟੀ ਕੀ ਹੈ ਸਮਝ ਨਾ ਆਵੇ!

# ਯਾਦਾਂ ਦੀ ਡਾਇਰੀ

ਸਮੇਂ ਨਾਲ ਤਸਵੀਰਾਂ ਵੀ ਮੇਲ ਨਹੀਂ ਖਾਂਦੀਆਂ,
ਇਹ ਤਸਵੀਰਾਂ ਯਾਦਾਂ ਦੀ ਮਾਲਾ ਬਣ ਜਾਂਦੀਆਂ।

ਤਸਵੀਰਾਂ ਬੰਦ ਹੋ ਜਾਣ ਵਿਚ ਯਾਦਾਂ ਦੀ ਪਟਾਰੀ,
ਯਾਦਾਂ ਤਾਜ਼ਾ ਰੱਖੀਏ ਉਮਰ ਲੰਘ ਜਾਵੇ ਸਾਰੀ।

ਜੀਵਨ ਦੀਆਂ ਯਾਦਾਂ ਦੀ ਖੁੱਲ੍ਹ ਗਈ ਪਟਾਰੀ,
ਜਦੋਂ ਇਕ ਝਾਤ ਜੀਵਨ ਦੇ ਸਫ਼ਰ 'ਤੇ ਮਾਰੀ।

ਯਾਦਾਂ ਦੀ ਡਾਇਰੀ ਵਾਂਗ ਫੁੱਲਾਂ ਦੀ ਕਿਆਰੀ,
ਇਹਨਾਂ ਯਾਦਾਂ ਦੀ ਖੁਸ਼ਬੋ ਫੁੱਲਾਂ ਵਾਂਗ ਨਿਆਰੀ।

ਵਤਨੋਂ ਦੂਰ ਯਾਦਾਂ ਦੀ ਡਾਇਰੀ ਜਦੋਂ ਫਰੋਲਾਂਗੇ,
ਬੀਤ ਗਈ ਜ਼ਿੰਦਗੀ ਦੀ ਕਿਤਾਬ ਦੇ ਵਰਕੇ ਖੋਲ੍ਹਾਂਗੇ।

ਮਿੱਠੀਆਂ ਕੌੜੀਆਂ ਯਾਦਾਂ ਨਾਲ ਭਰੀ ਇਹ ਕਿਤਾਬ,
ਯਾਦਾਂ ਮਨੁੱਖ ਦੀ ਜ਼ਿੰਦਗੀ 'ਤੇ ਛੱਡ ਜਾਣ ਡੂੰਘੀ ਛਾਪ।

ਜੀਵਨ-ਧਾਰਾ ਵਿਚ ਯਾਦਾਂ ਦਾ ਇਕ ਅਹਿਮ ਸਥਾਨ,
ਜੇ ਦਿਲ ਦੀ ਡਾਇਰੀ ਇਹਨਾਂ ਨੂੰ ਕਰ ਲਵੇ ਪ੍ਰਵਾਨ।

ਦਿਲ ਵੀ ਕਮਲਾ ਨਾ ਸਮਝੇ ਕਈ ਵਾਰ ਸਮਝਾਇਆ,
ਸਮਾਂ ਸ਼ਕਤੀਵਾਨ ਦੱਸੋ ਕਿਥੋਂ ਚੱਲ ਕੇ ਕਿੱਥੇ ਆਇਆ?

ਜਿੱਥੇ ਵੀ ਜਾਉਗੇ ਯਾਦਾਂ ਹਮੇਸ਼ਾਂ ਸਾਥ ਜਾਣਗੀਆਂ,
ਸਹਿਜੇ ਹੀ ਜੀਵਨ ਵਿੱਚ ਆਪਣਾ ਥਾਂ ਬਣਾ ਲੈਣਗੀਆਂ।

ਹੱਡ ਬੀਤੀ ਚੇਤੇ ਆ ਜਾਵੇ ਆਪਮੁਹਾਰੇ ਯਾਦ ਬਣ ਜਾਵੇ,
ਖੁਸ਼ੀ ਹੁੰਦੀ ਜ਼ਿੰਦਗੀ ਨਾਲ ਜੁੜੀ ਯਾਦ ਕੋਈ ਯਾਦ ਕਰਾਵੇ।

ਸਮਾਂ ਏਵੇਂ ਚੱਲਦਾ ਜਾਊ ਯਾਦਾਂ ਦਾ ਢੇਰ ਲੱਗਦਾ ਜਾਊ,
ਦਿਲ ਵਿੱਚ ਵਸਾ ਲਵਾਂਗੇ ਜਦੋਂ ਇਹਨਾਂ ਦਾ ਚੇਤਾ ਆਊ।

ਮੋਤੀਆਂ ਦੀ ਮਾਲਾ ਬਣ ਜਾਂਦੀਆਂ ਜੀਵਨ ਦੀਆਂ ਯਾਦਾਂ,
ਯਾਦ ਕਰਵਾਉਂਦੀਆਂ ਛੱਡ ਆਏ ਜੋ ਲੰਮੀਆਂ ਵਾਟਾਂ।

ਹੱਡ-ਬੀਤੀਆਂ ਬਣ ਜਾਣ ਯਾਦਾਂ, ਜਾਣ ਤੁਹਾਡੇ ਨਾਲ,
ਵਿੱਚ ਪਰਦੇਸਾਂ ਪਿਛੋਕੜ ਯਾਦ ਕਰੀਏ, ਆਵੇ ਖਿਆਲ।

# ਇਸ਼ਕ ਦੀ ਬੋਲੀ

ਅਸੀਂ ਸੁਣਿਆ ਨਹੀਂ ਇਸ਼ਕ ਵਿਕਦਾ ਵਿੱਚ ਬਜ਼ਾਰਾਂ,
ਬੋਲੀ ਦੇ ਕੇ ਲੈ ਗਏ ਆਸ਼ਕ ਤੱਕਦੇ ਰਹਿ ਗਏ ਹਜ਼ਾਰਾਂ।

ਨਹੀਂ ਵਿੱਚ ਬਜ਼ਾਰਾਂ ਸੱਚੇ ਇਸ਼ਕ ਦੀ ਕਦੇ ਲੱਗੀ ਬੋਲੀ,
ਜ਼ੋਰਾਵਰ ਧੱਕੇ ਨਾਲ ਲੈ ਜਾਂਦੇ ਨਹੀਂ ਉਡੀਕਦੇ ਡੋਲੀ।

ਇਸ਼ਕ ਦੀਆਂ ਨਾ ਮੰਡੀਆਂ ਨਾ ਕੋਈ ਇਹਦਾ ਦਲਾਲ,
ਦਿਲਾਂ ਨੂੰ ਦਿਲਾਂ ਦੇ ਰਾਹ ਜੁੜ ਜਾਂਦੇ ਇਕ ਦੂਜੇ ਨਾਲ।

ਸੱਚਾ ਇਸ਼ਕ ਸਮਾਜਿਕ ਬੰਧਨਾਂ ਦੀ ਨਾ ਕਰੇ ਪਰਵਾਹ,
ਸੌ ਮੁਸਕਲਾਂ ਇਸ਼ਕ ਜੇ ਹੋਵੇ ਸੱਚਾ ਲੱਭ ਲੈਂਦਾ ਰਾਹ।

ਇਸ਼ਕ ਨਾਲ ਦੁਨੀਆਂ ਪਾਗਲ ਅੱਜ ਦੇ ਇਸ਼ਕ ਅਵੱਲੇ,
ਸਮਾਜਿਕ ਬੰਧਨਾਂ ਵਿੱਚ ਬੱਝਾ ਸਮਾਜ ਨਾ ਇਹਨੂੰ ਝੱਲੇ।

ਸੱਚੇ ਆਸ਼ਕਾਂ ਦੀਆਂ ਨਾ ਕੋਈ ਅੱਜ ਪੜ੍ਹੇ ਕਹਾਣੀਆਂ,
ਕੱਚਾ ਘੜਾ ਲੈ ਕੇ ਸੋਹਣੀ ਰੁੜ੍ਹ ਗਈ ਵਿੱਚ ਪਾਣੀਆਂ।

ਸੋਹਣੀ ਮਹੀਂਵਾਲ ਦਾ ਪਿਆਰ ਨਦੀ ਸੀ ਕਰਨੀ ਪਾਰ,
ਦਿਲ ਦਾ ਮਹਿਰਮ ਨਦੀਉਂ ਪਾਰ ਸੀ ਰਹਿੰਦਾ ਯਾਰ।

ਇਸ਼ਕ ਨਾ ਪੁੱਛੇ ਜਾਤ-ਪਾਤ ਨਾ ਪੁਛੇ ਘਰ-ਬਾਰ.
ਅਣਖ ਦਾ ਜਿਥੇ ਬੋਲਬਾਲਾ ਸਮਾਜ ਨਾ ਸਕੇ ਸਹਾਰ।

ਮਾਂ-ਪਿਉ ਦੀ ਨਾ ਮੰਨਣ ਗੱਲ ਮੁੰਡੇ-ਕੁੜੀਆਂ ਜਵਾਨ,
ਸਮਾਜਿਕ ਬੰਧਨਾਂ ਨੂੰ ਤੋੜ ਕੇ ਆਪੇ ਲੱਭ ਲੈਣ ਹਾਣ।

ਜਵਾਨੀ ਦਾ ਇਸ਼ਕ ਜਵਾਨੀ ਨੂੰ ਲਾ ਦਿੰਦਾ ਖੋਰਾ,
ਇੱਜ਼ਤਦਾਰ ਪਰਵਾਰਾਂ ਦੀ ਇੱਜ਼ਤ ਨਹੀਂ ਰਹਿੰਦੀ ਭੋਰਾ।

ਏਥੇ ਪਰਵਾਰ ਮਜਬੂਰ ਕਾਨੂੰਨ ਨਹੀਂ ਸੁਣਦਾ ਗੱਲ,
ਚਿੰਤਾ ਦਾ ਵਿਸ਼ਾ ਸਮਾਜ ਜਾ ਰਿਹਾ ਕਿਹੜੀ ਦਿਸ਼ਾ ਵੱਲ!

# ਐਬਾਂ ਰਹਿਤ ਜੀਵਨ

ਆਪਣੀ ਜ਼ੁਬਾਨ ਨਾਲ ਦੂਜੇ ਦੇ ਐਬ ਨਾ ਬਿਆਨ ਕਰ,
ਐਬ ਤੇਰੇ ਵਿਚ ਵੀ ਪਹਿਲਾਂ ਉਹਨਾਂ ਦਾ ਧਿਆਨ ਕਰ।

ਖੁੱਲ੍ਹ ਗਈ ਜ਼ੁਬਾਨ ਦੂਜੇ ਦੀ, ਕਿਆਮਤ ਆ ਜਾਵੇਗੀ,
ਮੂੰਹ 'ਚੋਂ ਨਿਕਲੀ ਗੱਲ ਵਾਪਸ ਮੂੰਹ ਵਿਚ ਨਹੀਂ ਆਵੇਗੀ।

ਚੰਗਾ ਸੋਚੋ, ਚੰਗਾ ਕਰੋ, ਚੰਗਾ ਬੋਲੋ, ਮੰਦਾ ਕਦੀ ਨਾ ਬੋਲੋ,
ਹਰ ਇਕ ਗੱਲ ਸੋਚ-ਸਮਝ ਕੇ ਕਰੋ ਐਵੇਂ ਨਾਂ ਮੂੰਹ ਖੋਲ੍ਹੋ।

ਐ ਮਨੁੱਖ! ਆਪਣੇ ਗੁਣਾਂ ਨੂੰ ਛੱਡ ਔਗਣਾਂ ਨੂੰ ਉਜਾਗਰ ਕਰ,
ਦੂਜਿਆਂ ਦੀ ਅਲੋਚਨਾ ਛੱਡ ਆਪਣੇ ਤੇ ਇਕਾਗਰ ਕਰ।

ਇਹ ਗੁਣ ਅਤੇ ਔਗੁਣ ਮਨੁੱਖ ਦੇ ਨਾਲ ਨਹੀਂ ਆਉਂਦੇ,
ਔਗੁਣਾਂ ਤੋਂ ਰਹਿਤ ਜੀਵਨ ਧਰਮ-ਗ੍ਰੰਥ ਸਿਖਾਂਉਂਦੇ।

ਔਗੁਣਾਂ ਦੀ ਮੁਕਤੀ ਲਈ ਜੀਵਨ ਭਰ ਲੱਗਾ ਰਹਿੰਦਾ,
ਅਣਗੌਲਿਆਂ ਕੁਝ ਛੱਡਦਾ ਤੇ ਕੁਝ ਨਵੇਂ ਜਮ੍ਹਾਂ ਕਰ ਲੈਂਦਾ।

ਐਬਾਂ ਰਹਿਤ ਮਨੁੱਖ ਦੀ ਜ਼ਿੰਦਗੀ ਸੁਖੀ ਜੀਵਨ ਦਾ ਪ੍ਰਤੀਕ,
ਹਮੇਸ਼ਾਂ ਘਰ ਦੀਆਂ ਦਹਿਲੀਜ਼ਾਂ 'ਤੇ ਖ਼ੁਸ਼ੀਆਂ ਕਰਨ ਉਡੀਕ।

# ਆਸ ਨਾਲ ਜਹਾਨ

ਅਸੀਂ ਆਏ ਸਾਡੀ ਕੌਣ ਫਿਰ ਅੱਗੇ ਕੁੱਲ ਵਧਾਏ,
ਚਿੰਤਾ ਆਸਾਂ ਦਾ ਦੀਵਾ ਕਿਤੇ ਗੁਲ੍ਹ ਨਾ ਹੋ ਜਾਏ!

ਆਸ ਹੈ ਜਹਾਨ ਹੈ ਨਹੀਂ ਤਾਂ ਜ਼ਿੰਦਗੀ ਵਿਰਾਨ ਹੈ,
ਜਿਸ ਦਾ ਨਹੀਂ ਕੋਈ ਸਹਾਰਾ ਜ਼ਿੰਦਗੀ ਪਰੇਸ਼ਾਨ ਹੈ।

ਕੁਝ ਆਸਾਂ ਲੈ ਕੇ ਜੰਮੇ ਕੁਝ ਆਸਾਂ ਨਾਲ ਲੈ ਗਏ,
ਕੁਝ ਦੀ ਝੋਲੀ ਖਾਲੀ ਰਹਿ ਗਈ ਉਹ ਤਰਸ ਰਹੇ।

ਅਰਜੋਈ ਰੱਬਾ! ਆਸ ਮੁਰਾਦ ਸਭ ਦੀ ਕਰੀਂ ਪੂਰੀ,
ਤੇਰੇ ਦਰ ਤੋਂ ਫਿਰ ਮਨਸ਼ਾ ਨਾ ਰਹਿ ਜਾਵੇ ਅਧੂਰੀ।

ਤੇਰੀ ਨਿਗ੍ਹਾ ਸਵੱਲੀ ਹੋਵੇ ਆਸ ਨਾ ਰਹੇ ਅਧੂਰੀ,
ਦਰ-ਦਰ ਦੀਆਂ ਠੋਕਰਾਂ ਨਾ ਖਾਵੇ ਹੋ ਜਾਵੇ ਜੇ ਪੂਰੀ।

ਰੱਬ ਦਾ ਦਿੱਤਾ ਬਹੁਤ ਕੁਝ ਪਰ ਆਸਾਂ ਅਧੂਰੀਆਂ,
ਰੱਬ 'ਤੇ ਰੱਖਾਂ ਭਰੋਸਾ, ਇਹ ਹੋ ਜਾਣ ਪੂਰੀਆਂ।

ਮਨੁੱਖ ਦੀ ਇਕ ਆਸ ਜ਼ਿੰਦਗੀ ਜੀਉਣ ਦਾ ਬਹਾਨਾ,
ਆਸ ਨਾਲ ਜਹਾਨ ਹੈ ਚਾਹੇ ਕੁਝ ਵੀ ਕਹੇ ਜ਼ਮਾਨਾ।

ਮਨੁੱਖ ਦੀ ਨਹੀਂ ਕੋਈ ਆਸ ਰੋਲਦਾ ਫਿਰੇ ਸਵਾਸ,
ਧ੍ਰਿਗ ਉਹਨਾਂ ਦਾ ਜੀਵਣਾ ਜਿੰਨਾ ਵਿਡਾਣੀ ਆਸ।

ਰੱਬਾ! ਆਸ ਮੁਰਾਦ ਤੋਂ ਨਾ ਕੋਈ ਵਾਂਝਾ ਰਹਿ ਜਾਵੇ,
ਤੇਰੀ ਨਿਗ੍ਹਾ ਸਵੱਲੀ ਹੋਵੇ ਝੋਲੀਆਂ ਭਰ ਲੈ ਜਾਵੇ।

# ਟੁੱਟੀ ਡੋਰ

ਸਹੁੰ ਖਾਣ ਦੀ ਧਾਰੀ ਨਹੀਂ ਬੋਲਣਾ ਉਸ ਅੱਗੇ,
ਤਿਆਗ ਦੇਵਾਂ ਜੋ ਉਸ ਨੂੰ ਨਾ ਚੰਗਾ ਲੱਗੇ।

ਰੱਖਾਂ ਚੁੱਪ ਧਾਰੀ ਆਵੇ ਮੇਰੇ ਬੋਲਣ ਦੀ ਵਾਰੀ,
ਕੀ ਕਰਨਾ ਕੀ ਨਹੀਂ, ਮੁੱਕਦੀ ਗੱਲ ਉਸ 'ਤੇ ਸਾਰੀ।

ਕੁਝ ਵੀ ਕਹਿਣ ਦਾ ਮੈਂ ਆਪਣਾ ਹੱਕ ਗੁਆ ਬੈਠਾ,
ਸੱਧਰਾਂ ਦਾ ਕਤਲ ਕਰ ਉਹਦੀ ਝੋਲੀ ਵਿਚ ਪਾ ਬੈਠਾ।

ਦਿਨ ਚੜ੍ਹਦਾ ਬੀਤ ਜਾਂਦਾ, ਨਾ ਕੱਲ੍ਹ ਦਾ ਕੋਈ ਭਰੋਸਾ,
ਗਮ ਲੱਗਾ ਰਹਿੰਦਾ ਕੁਝ ਕਹਿ ਜਾਂ ਕਰ ਨਾ ਬੈਠਾਂ ਹੋਛਾ।

ਉਹਦੀ ਕਹਿਣੀ ਸਿਰ-ਮੱਥੇ ਕਹਿ, ਜਿਵੇਂ ਕਹੇ ਕਰੀ ਜਾਵਾਂ,.
ਗ਼ਲਤੀਆਂ ਉਹਦੀਆਂ ਦਾ ਅਹਿਸਾਸ ਨਾ ਕਦੀ ਕਰਾਵਾਂ।

ਦੋਸ਼ ਲਾਵੇ ਮੇਰੇ 'ਤੇ ਮੈਂ ਆਪਣਾ ਫਰਜ਼ ਨਿਭਾਇਆ ਨਾ,
ਕੋਸ਼ਿਸ਼ ਕੀਤੀ ਖੁਸ਼ ਰੱਖਣ ਦੀ, ਕੁਝ ਰਾਸ ਆਇਆ ਨਾ।

ਉਹਨੂੰ ਵੀ ਆਪਣਾ ਫ਼ਰਜ਼ ਭੁਲਾਉਣਾ ਨਹੀਂ ਚਾਹੀਦਾ,
ਹਰ ਗੱਲ ਨਾਲ ਆਪਣੀ ਨੂੰ ਮਨਾਉਣਾ ਨਹੀਂ ਚਾਹੀਦਾ।

ਜ਼ਿੰਦਗੀ ਵਿਚ ਕਿਤੇ ਉਸ ਗ਼ਲਤੀ ਕੀਤੀ ਕਿਤੇ ਮੈਂ ਕੀਤੀ,
ਸੁਖੀ ਜੀਵਨ, ਘਰ ਵਿਚ ਰੱਖਣੀ ਆਪਸ ਵਿਚ ਬੀਤੀ।

ਹੁਣ ਤਾਂ ਜੀਵਨ ਰਹਿ ਗਿਆ ਆਕਾਸ਼ੋਂ ਟੁੱਟੀ ਡੋਰ ਦੀ ਤਰਾਂ,
ਸਮਝ ਨਾ ਆਵੇ ਕਿਸ ਪਾਸਿਉਂ ਛੱਡਾਂ ਕਿਸ ਪਾਸਿਉਂ ਫੜਾਂ?

# ਕਿਸਮਤ ਖੋਟੀ

ਨਾ ਤਨ ਢੱਕਣ ਨੂੰ ਲੀਰਾਂ ਨਾ ਪੇਟ ਭਰਨ ਨੂੰ ਰੋਟੀ,
ਪੈਦਾ ਕਰਕੇ ਕਿਉਂ ਲਿਖ ਦਿਤੀ ਕਿਸਮਤ ਖੋਟੀ?

ਚੰਗਾ ਹੁੰਦਾ ਪੈਦਾ ਕਰਨ ਤੋਂ ਪਹਿਲਾਂ ਦਿੰਦਾ ਮੁਕਾ,
ਭੁੱਖੇ ਨੰਗੇ ਸੌਣ ਨਾਲੋਂ ਕਿਸੇ ਹੋਰ ਜੂਨੇ ਦਿੰਦਾ ਪਾ।

ਕੀ ਤੇਰਾ ਇਨਸਾਫ਼ ਸਿਰ 'ਤੇ ਛੱਤ ਨਾ, ਤਨ ਤੇ ਲੀਰਾਂ,
ਸੱਭ ਤੇਰੇ ਬਣਾਏ ਬੰਦੇ ਕਿਵੇਂ ਲਿਖੀਆਂ ਤਕਦੀਰਾਂ।

ਕੁਝ ਸੌਂਦੇ ਵਿੱਚ ਮਹੱਲਾਂ ਦੇ ਸ਼ਾਹੀ ਉਹਨਾਂ ਦੇ ਖਾਣੇ,
ਕੁਝ ਨੂੰ ਦੋ ਡੰਗ ਦੀ ਰੋਟੀ ਵੀ ਨਾ ਤੇਰੀਆਂ ਤੂੰ ਹੀ ਜਾਣੇ!

ਤੇਰੇ ਦਰ 'ਤੇ ਪੱਖਪਾਤ ਨਹੀਂ ਇਹ ਕੈਸਾ ਇਨਸਾਫ਼,
ਦੂਰ-ਦੁਰੇਡੇ ਬੈਠਾ ਸਭ ਕੁਝ ਵੇਖ ਰਿਹਾ ਤੂੰ ਆਪ।

ਖਾਲੀ ਪੇਟ ਫੁੱਟ-ਪਾਥ 'ਤੇ ਸੌਂਦੇ ਕਿਤੇ ਨੇੜੇ ਆ ਕੇ ਵੇਖ,
ਵੇਖ ਕਿਵੇਂ ਜ਼ਿੰਦਗੀ ਕੱਟਦੇ ਮਾੜੇ ਜਿਨ੍ਹਾਂ ਦੇ ਲਿਖੇ ਲੇਖ।

ਮੇਰੇ ਵਰਗੇ ਹੋਰ ਬਥੇਰੇ ਜੋ ਫਿਰਦੇ ਕਰਮਾਂ ਦੇ ਮਾਰੇ,
ਕਿਉਂ ਪੈਦਾ ਕੀਤੇ ਗ਼ਰੀਬ ਜੇ ਅਮੀਰ ਤੈਨੂੰ ਪਿਆਰੇ?

# ਸੱਜ ਵਿਆਹੀ ਨੂੰਹ ਘਰ ਆਈ

ਸੱਸ ਆਪਣੀ ਨੂੰਹ ਨੂੰ ਘਰ ਲੈ ਕੇ ਆਉਂਦੀ,
ਸ਼ਗਨਾਂ ਦੀ ਛੁਹ ਨਾਲ ਪੈਰ ਅੰਦਰ ਪਵਾਉਂਦੀ।

ਚਾਰੇ ਪਾਸੇ ਖ਼ੁਸ਼ੀਆਂ ਹੀ ਖ਼ੁਸ਼ੀਆਂ ਮਹਿਕਦੀਆਂ,
ਜਿਵੇਂ ਬਾਗਾਂ ਵਿਚ ਕੋਇਲਾਂ ਟਹਿਕਦੀਆਂ।

ਮਿਲਣ ਵਧਾਈਆਂ ਸੱਸ ਨੂੰ ਅੱਜ ਨੂੰਹ ਘਰ ਆਈ,
ਗਵਾਂਢੀਆਂ ਰਿਸ਼ਤੇਦਾਰਾਂ ਝੜੀ ਵਧਾਈਆਂ ਦੀ ਲਾਈ।

ਸੱਸ ਵੀ ਫਿਰਦੀ ਅੱਡੀਆਂ ਚੁੱਕ-ਚੁੱਕ ਫੁੱਲੀ ਨਾ ਸਮਾਈ,
ਗਿੱਧੇ ਦੇ ਵਿਚ ਬੋਲੀਆਂ ਪਾਵੇ ਨੂੰਹ ਵਿਆਹ ਘਰ ਲਿਆਈ।

ਸਭਨਾਂ ਨੇ ਰਲ ਖ਼ੁਸ਼ੀ ਮਨਾਈ ਗੀਤ ਖ਼ੁਸ਼ੀ ਦੇ ਗਾਏ,
ਰਸਮਾਂ ਪੂਰੀਆਂ ਕਰਕੇ ਸੱਸ ਨੂੰਹ ਨੂੰ ਪਈ ਸਮਝਾਏ।

ਧੀਏ! ਅੱਜ ਤੋਂ ਸਮਝੀ ਘਰ ਆਪਣਾ ਤੂੰ ਇਸ ਦੀ ਰਾਣੀ,
ਆਏ-ਗਏ ਦੀ ਤੇਰੀ ਜ਼ਿੰਮੇਵਾਰੀ ਤੂੰ ਪੁਛਣਾ ਪਾਣੀ ਧਾਣੀ।

ਸੱਜ ਵਿਆਹੀ ਨੂੰਹ 'ਤੇ ਸੁੱਟਿਆ ਕੰਮ-ਕਾਜ ਦਾ ਭਾਰ,
ਨੂੰਹ ਨੇ ਚੁੱਪ ਧਾਰੀ ਪਤੀ ਨਾ ਲਏ ਉਸ ਦੀ ਸਾਰ।

ਸਵੇਰ ਤੋਂ ਸ਼ਾਮ ਚੁੱਲ੍ਹਾ ਚਲਦਾ ਸ਼ਾਮ ਨੂੰ ਨੋਕਾ-ਟੋਕੀ,
ਦਾਜ਼ ਵਿਚ ਨਹੀਂ ਦਿੱਤਾ ਕੁਝ ਫੜ੍ਹਾਂ ਮਾਰਦੀ ਫੋਕੀ।

ਸੱਸ-ਨੂੰਹ ਦੀਆਂ ਝੜਪਾਂ ਗੁਆਂਢੀ ਸੁਣਦੇ ਸਾਰੇ,
ਮੂੰਹ 'ਚ ਉਂਗਲਾਂ ਪਾ ਕਹਿੰਦੇ ਚੰਗਾ ਰੱਖਣੇ ਪੁੱਤ ਕਵਾਰੇ।

ਨੂੰਹ ਕਹਿੰਦੀ ਪੁੱਛ ਪੁੱਤ ਨੂੰ ਜਿਹਨੇ ਮੇਰਾ ਹੱਥ ਮੰਗਿਆ,
ਸਿਫ਼ਤਾਂ ਦੇ ਪੁਲ ਬੰਨ੍ਹਦਾ ਮਾਂ ਦੇ ਰਤਾ ਨਾ ਸੰਗਿਆ।

# ਜਿਸ ਨੂੰ ਰੱਖੇ ਸਾਂਈਆਂ

ਬੰਦੇ, ਖ਼ੁਦਾ ਤੋਂ ਡਰ ਜੋ ਤੈਨੂੰ ਬਣਾਉਣ ਵਾਲਾ
ਹੋਵੇ ਵਿਸ਼ਵਾਸ ਤੇ ਨਾਲ ਸਿਦਕ ਹੋਵੇ,
ਤੱਤੀਆਂ ਤਵੀਆਂ ਤੋਂ ਉਹੀ ਬਚਾਉਣ ਵਾਲਾ।

ਕਰਨੀ ਤੇ ਕਹਿਣੀ ਵਿਚ ਬਹੁਤ ਫਰਕ ਹੁੰਦਾ,
ਡੁੱਬਦਾ ਬੇੜਾ ਉਹੀ ਬੰਨੇ ਲਾਉਣ ਵਾਲਾ।

ਮਦਦ ਗ਼ਰੀਬ-ਗੁਰਬੇ ਦੀ ਕਰਨ ਲੱਗਿਆਂ,
ਸ਼ਾਹੀ ਖ਼ਜਾਨਾ ਉਹੀ ਲੁਟਾਉਣ ਵਾਲਾ।

ਆਪਣੀ ਮੰਜ਼ਲ ਖੋ ਬੈਠੇ ਰਾਹੀ ਨੂੰ,
ਉਸ ਦੀ ਮੰਜ਼ਲ 'ਤੇ ਉਹੀ ਪੁਚਾਉਣ ਵਾਲਾ।

ਸਾਰਾ ਪਰਵਾਰ ਵਾਰ ਧਰਮ ਦੀ ਖਾਤਰ,
ਆਪਣੇ ਧਰਮ ਨੂੰ ਉਹੀ ਬਚਾਉਣ ਵਾਲਾ।

ਬੰਦੇ ਦੇ ਵੱਸ ਹੋਵੇ ਤਾਂ ਬੰਦਾ ਨਾ ਜਿਉਣ ਦੇਵੇ,
ਇਹ ਦੁਨੀਆਂ ਉਹੀ ਵਸਾਉਣ ਵਾਲਾ।

ਬੰਦਾ ਕੀ 'ਤੇ ਕੀ ਬਣੇਗਾ ਕੋਈ ਪਤਾ ਨਹੀਂ,
ਉਸਦੀ ਤਕਦੀਰ ਉਹੀ ਬਣਾਉਣ ਵਾਲਾ।

ਕਦਮ-ਕਦਮ ਤੇ ਮੁਸ਼ਕਿਲਾਂ ਆਉਣ ਜਿਸਨੂੰ,
ਆਪਣੀ ਮੰਜ਼ਲ 'ਤੇ ਉਹੀ ਪੁਚਾਉਣ ਵਾਲਾ।

ਜਿਸ ਨੂੰ ਰੱਖੇ ਸਾਂਈਆਂ ਮਾਰ ਨਾ ਸਕੇ ਕੋਈ,
ਮੌਤ ਦੇ ਮੂੰਹ ਵਿਚੋਂ ਉਹੀ ਬਚਾਉਣ ਵਾਲਾ।

❑ ❑ ❑